Language Code : **15**

इस पुस्तिका में **16** मुद्रित पृष्ठ हैं।
This booklet contains **16** Printed pages.

# SED-24-II

**प्रश्न-पत्र-II / PAPER-II**
**पंजाबी भाषा परिशिष्ट**
**Punjabi Language Supplement**
**भाग-IV & V / PART-IV & V**

**मुख्य परीक्षा पुस्तिका संख्या / Main Test Booklet No.**

**मुख्य परीक्षा पुस्तिका कोड / Main Test Booklet Code**

# D

**इस परीक्षा पुस्तिका को तब तक न खोलें जब तक कहा न जाए।**
**Do not open this Test Booklet until you are asked to do so.**
**इस परीक्षा पुस्तिका के पिछले आवरण (पृष्ठ 15 व 16) पर दिए निर्देशों को ध्यान से पढ़ें।**
**Read carefully the Instructions on the Back Cover (Page 15 & 16) of this Test Booklet.**

**पंजाबी में निर्देशों के लिए इस पुस्तिका का पृष्ठ 2 देखें। / FOR INSTRUCTIONS IN PUNJABI SEE PAGE 2 OF THIS BOOKLET.**

## परीक्षार्थियों के लिए निर्देश

1. यह पुस्तिका मुख्य परीक्षा पुस्तिका की एक परिशिष्ट है, उन परीक्षार्थियों के लिए जो **या** तो भाग IV (भाषा I) **या** भाग V (भाषा II) **पंजाबी** भाषा में देना चाहते हैं, लेकिन **दोनों नहीं**।
2. परीक्षार्थी भाग I एवं भाग II **या** III के उत्तर मुख्य परीक्षा पुस्तिका से दें और भाग IV व V के उत्तर उनके द्वारा चुनी भाषाओं से।
3. अंग्रेज़ी व हिन्दी भाषा पर प्रश्न मुख्य परीक्षा पुस्तिका में भाग IV व भाग V के अन्तर्गत दिए गए हैं। भाषा परिशिष्टों को आप अलग से माँग सकते हैं।
4. इस पृष्ठ पर विवरण अंकित करने एवं OMR उत्तर पत्र पर निशान लगाने के लिए **केवल काले/नीले बॉल पॉइंट पेन** का प्रयोग करें।
5. इस भाषा पुस्तिका का **संकेत** है **D**। यह सुनिश्चित कर लें कि इस भाषा परिशिष्ट पुस्तिका का संकेत, OMR उत्तर पत्र के **पृष्ठ-2** एवं मुख्य परीक्षा पुस्तिका पर छपे संकेत से मिलता है। अगर यह भिन्न हो, तो परीक्षार्थी दूसरी भाषा परिशिष्ट परीक्षा पुस्तिका लेने के लिए निरीक्षक को तुरन्त अवगत कराएँ।
6. इस परीक्षा पुस्तिका में **दो** भाग IV और V हैं, जिनमें **60** वस्तुनिष्ठ प्रश्न हैं, जो प्रत्येक 1 अंक का है :
   भाग-IV : भाषा-I (पंजाबी) (प्र. 91 से प्र. 120)
   भाग-V : भाषा-II (पंजाबी) (प्र. 121 से प्र. 150)
7. भाग-IV में भाषा-I के लिए 30 प्रश्न और भाग-V में भाषा-II के लिए 30 प्रश्न दिए गए हैं। इस परीक्षा पुस्तिका में केवल पंजाबी भाषा से संबंधित प्रश्न दिए गए हैं। **यदि भाषा-I और/या भाषा-II में आपके द्वारा चुनी गई भाषा(एँ) पंजाबी के अलावा है तो कृपया उस भाषा वाली परीक्षा पुस्तिका माँग लीजिए। जिन भाषाओं के प्रश्नों के उत्तर आप दे रहे हैं वह आवेदन पत्र में चुनी गई भाषाओं से अवश्य मेल खानी चाहिए।**
8. **परीक्षार्थी भाग-V (भाषा-II) के लिए, भाषा सूची से ऐसी भाषा चुनें जो उनके द्वारा भाषा-I (भाग-IV) में चुनी गई भाषा से भिन्न हो।**
9. रफ कार्य परीक्षा पुस्तिका में इस प्रयोजन के लिए दी गई खाली जगह पर ही करें।
10. सभी उत्तर केवल OMR उत्तर पत्र पर ही अंकित करें। अपने उत्तर ध्यानपूर्वक अंकित करें। उत्तर बदलने हेतु श्वेत रंजक का प्रयोग निषिद्ध है।

## INSTRUCTIONS FOR CANDIDATES

1. This booklet is a supplement to the Main Test Booklet for those candidates who wish to answer **EITHER** Part IV (Language I) **OR** Part V (Language II) in **PUNJABI** language, but **NOT BOTH**.
2. Candidates are required to answer Part I and Part II **OR** III from the Main Test Booklet and Parts IV and V from the languages chosen by them.
3. Questions on English and Hindi languages for Part IV and Part V have been given in the Main Test Booklet. Language Supplements can be asked for separately.
4. Use **Black/Blue Ball Point Pen only** for writing particulars on this page/marking responses in the OMR Answer Sheet.
5. The CODE for this Language Booklet is **D**. Make sure that the CODE printed on **Side-2** of the OMR Answer Sheet and on your Main Test Booklet is the same as that on this Language Supplement Test Booklet. In case of discrepancy, the candidate should immediately report the matter to the Invigilator for replacement of the Language Supplement Test Booklet.
6. This Test Booklet has **two** Parts, IV and V, consisting of **60** Objective Type Questions, each carrying 1 mark :
   Part-IV : Language-I (Punjabi) (Q. 91 to Q. 120)
   Part-V : Language-II (Punjabi) (Q. 121 to Q. 150)
7. Part-IV contains 30 questions for Language-I and Part-V contains 30 questions for Language-II. In this Test Booklet, only questions pertaining to Punjabi language have been given. **In case the language/s you have opted for as Language-I and/or Language-II is a Language other than Punjabi, please ask for a Test Booklet that contains questions on that language. The language being answered must tally with the languages opted for in your Application Form.**
8. **Candidates are required to attempt questions in Part-V (Language-II) in a language other than the one chosen as Language-I (in Part-IV) from the list of languages.**
9. Rough work should be done only in the space provided in the Test Booklet for the same.
10. The answers are to be recorded on the OMR Answer Sheet only. Mark your responses carefully. No whitener is allowed for changing answers.

परीक्षार्थी का नाम (बड़े अक्षरों में) : ______
Name of the Candidate (in Capitals) :

अनुक्रमांक : (अंकों में) / Roll Number : in figures ______
: शब्दों में / in words ______

परीक्षा केन्द्र (बड़े अक्षरों में) : ______
Centre of Examination (in Capitals) :

परीक्षार्थी के हस्ताक्षर : ______
Candidate's Signature :

निरीक्षक के हस्ताक्षर : ______
Invigilator's Signature :

Facsimile Signature Stamp of
Centre Superintendent : ______

Language Code : **15**

# SED-24-II

ਪਰੀਖਿਆ ਪੁਸਤਿਕਾ ਸੰਕੇਤ

**D**

ਇਸ ਪੁਸਤਿਕਾ ਵਿੱਚ 16 ਪੰਨੇ ਹਨ।

ਪੇਪਰ-II

ਪੰਜਾਬੀ ਭਾਸ਼ਾ ਪੂਰਕ

ਭਾਗ IV & V

**ਇਸ ਪਰੀਖਿਆ-ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ ਜਦੋਂ ਤੱਕ ਕਿਹਾ ਨਾ ਜਾਵੇ।**

**ਇਸ ਪਰੀਖਿਆ-ਪੁਸਤਿਕਾ ਦੇ ਪਿੱਛਲੇ ਪੰਨੇ (15 & 16) 'ਤੇ ਦਿੱਤੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ।**

**ਪਰੀਖਿਆਰਥੀਆਂ ਲਈ ਨਿਰਦੇਸ਼ :**

1. ਇਹ ਪੁਸਤਿਕਾ ਮੁੱਖ ਪ੍ਰਸ਼ਨ-ਪੁਸਤਿਕਾ ਦੀ ਇੱਕ ਪੂਰਕ ਹੈ, ਉਨ੍ਹਾਂ ਵਿਦਿਆਰਥੀਆਂ ਲਈ ਜੋ ਜਾਂ ਤਾਂ ਭਾਗ IV (ਭਾਸ਼ਾ I) ਜਾਂ ਭਾਗ V (ਭਾਸ਼ਾ II) ਪੰਜਾਬੀ ਭਾਸ਼ਾ ਵਿੱਚ ਦੇਣਾ ਚਾਹੁੰਦੇ ਹਨ ਪਰ ਦੋਨਾਂ ਵਿੱਚ ਨਹੀਂ।
2. ਪਰੀਖਿਆਰਥੀ ਭਾਗ I, II, III ਦੇ ਉੱਤਰ ਮੁੱਖ ਪਰੀਖਿਆ-ਪੁਸਤਿਕਾ ਵਿੱਚੋਂ ਦੇਣ ਅਤੇ ਭਾਗ IV ਅਤੇ V ਦੇ ਉੱਤਰ ਉਨ੍ਹਾਂ ਦੁਆਰਾ ਚੁਣੀਆਂ ਭਾਸ਼ਾਵਾਂ ਵਿੱਚੋਂ।
3. ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਉੱਤੇ ਦਿੱਤੇ ਪ੍ਰਸ਼ਨ ਮੁੱਖ ਪਰੀਖਿਆ-ਪੁਸਤਿਕਾ ਵਿੱਚ ਭਾਗ IV ਅਤੇ ਭਾਗ V ਵਿੱਚ ਦਿੱਤੇ ਗਏ ਹਨ। ਪੂਰਕ ਭਾਸ਼ਾ ਲਈ ਤੁਸੀ ਅਲਗ ਤੋਂ ਮੰਗ ਸਕਦੇ ਹੋ।
4. ਇਸ ਪੰਨੇ ਉੱਤੇ ਵਿਵਰਨ ਦੇਣ ਲਈ ਅਤੇ OMR ਉੱਤਰ-ਪੱਤਰ 'ਤੇ ਨਿਸ਼ਾਨ ਲਗਾਉਣ **ਲਈ ਕੇਵਲ ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਦਾ ਹੀ ਇਸਤੇਮਾਲ ਕਰੋ।
5. ਇਸ ਭਾਸ਼ਾ-ਪੁਸਤਿਕਾ ਦਾ ਸੰਕੇਤ ਹੈ **D**. ਇਹ ਗੱਲ ਨਿਸ਼ਚਿਤ ਕਰ ਲਓ ਕਿ ਇਸ ਪੂਰਕ ਭਾਸ਼ਾ-ਪੁਸਤਿਕਾ ਦਾ ਸੰਕੇਤ, OMR ਉੱਤਰ-ਪੱਤਰ ਦੇ ਪੰਨਾ-2 ਅਤੇ ਮੁੱਖ ਪਰੀਖਿਆ-ਪੁਸਤਿਕਾ ਉੱਤੇ ਛਪੇ ਸੰਕੇਤ ਨਾਲ ਮਿਲਦਾ ਹੈ। ਜੇ ਕਿਤੇ ਕੋਈ ਫ਼ਰਕ ਹੈ ਤਾਂ ਪਰੀਖਿਆਰਥੀ ਪੂਰਕ-ਭਾਸ਼ਾ ਦੀ ਦੂਜੀ ਪਰੀਖਿਆ-ਪੁਸਤਿਕਾ ਲੈਣ ਲਈ ਤੁਰੰਤ ਨਿਰੀਖਿਅਕ ਨੂੰ ਸੂਚਿਤ ਕਰੋ ।
6. ਇਸ ਪਰੀਖਿਆ-ਪੁਸਤਿਕਾ ਵਿੱਚ ਦੋ ਭਾਗ IV ਅਤੇ V ਹਨ, ਜਿਸ ਵਿੱਚ 60 ਵਸਤੂਨਿਸ਼ਠ ਪ੍ਰਸ਼ਨ ਹਨ, ਹਰੇਕ ਲਈ 1 (ਇੱਕ) ਅੰਕ ਹੈ:

   ਭਾਗ IV : ਭਾਸ਼ਾ I – (ਪੰਜਾਬੀ) (ਪ੍ਰ. 91 ਤੋਂ ਪ੍ਰ. 120)

   ਭਾਗ V : ਭਾਸ਼ਾ II – (ਪੰਜਾਬੀ) (ਪ੍ਰ. 121 ਤੋਂ ਪ੍ਰ. 150)
7. ਭਾਗ IV ਵਿੱਚ ਭਾਸ਼ਾ I ਵਾਸਤੇ 30 ਪ੍ਰਸ਼ਨ ਅਤੇ ਭਾਗ V ਵਿੱਚ ਭਾਸ਼ਾ II ਲਈ ਵੀ 30 ਪ੍ਰਸ਼ਨ ਦਿੱਤੇ ਗਏ ਹਨ। ਇਸ ਪਰੀਖਿਆ-ਪੁਸਤਿਕਾ ਵਿੱਚ ਕੇਵਲ ਪੰਜਾਬੀ ਭਾਸ਼ਾ ਨਾਲ ਸੰਬੰਧਿਤ ਪ੍ਰਸ਼ਨ ਦਿੱਤੇ ਗਏ ਹਨ। **ਅਗਰ ਭਾਸ਼ਾ I ਅਤੇ/ਜਾਂ II ਵਿੱਚ ਤੁਹਾਡੇ ਦੁਆਰਾ ਚੁਣੀ ਗਈ ਭਾਸ਼ਾ (ਵਾਂ) ਪੰਜਾਬੀ ਤੋਂ ਇਲਾਵਾ ਹੈ ਤਾਂ ਕਿਰਪਾ ਕਰਕੇ ਆਪਣੀ ਚੁਣੀ ਭਾਸ਼ਾ ਵਾਲੀ ਪਰੀਖਿਆ-ਪੁਸਤਿਕਾ ਮੰਗ ਲਓ । ਜਿਨ੍ਹਾਂ ਭਾਸ਼ਾਵਾਂ ਦੇ ਪ੍ਰਸ਼ਨਾਂ ਦੇ ਉੱਤਰ ਤੁਸੀਂ ਦੇ ਰਹੇ ਹੋ, ਉਹ ਤੁਹਾਡੇ ਆਵੇਦਨ ਪੱਤਰ ਵਿੱਚ ਚੁਣੀਆਂ ਗਈਆਂ ਭਾਸ਼ਾਵਾਂ ਹੀ ਹੋਣੀਆਂ ਚਾਹੀਦੀਆਂ ਹਨ।**
8. **ਪਰੀਖਿਆਰਥੀ ਭਾਗ V (ਭਾਸ਼ਾ II) ਲਈ, ਭਾਸ਼ਾ ਸੂਚੀ ਵਿੱਚੋਂ ਅਜਿਹੀ ਭਾਸ਼ਾ ਚੁਣੋ ਜੋ ਉਨ੍ਹਾਂ ਦੁਆਰਾ ਚੁਣੀ ਭਾਸ਼ਾ I (ਭਾਗ IV) ਵਿੱਚ ਚੁਣੀ ਗਈ ਭਾਸ਼ਾ ਤੋਂ ਵੱਖਰੀ ਹੋਵੇ।**
9. ਪ੍ਰਸ਼ਨ-ਪੁਸਤਿਕਾ ਵਿੱਚ ਦਿੱਤੇ ਗਏ ਕੱਚੇ ਕੰਮ ਲਈ ਖਾਲੀ ਥਾਂ ਵਿੱਚ ਹੀ ਕੱਚਾ ਕੰਮ ਕਰੋ।
10. ਸਾਰੇ ਉੱਤਰ ਕੇਵਲ ਓ.ਐੱਮ, ਆਰ. (OMR) ਉੱਤਰ ਪੱਤਰ ਉੱਤੇ ਹੀ ਕੀਤੇ ਜਾਣ। ਆਪਣੇ ਉੱਤਰਾਂ ਤੇ ਧਿਆਨ ਨਾਲ ਨਿਸ਼ਾਨ ਲਗਾਓ। ਉੱਤਰ ਬਦਲਣ ਲਈ ਸਫ਼ੇਦ ਸਿਆਹੀ ਦੀ ਵਰਤੋਂ ਵਰਜਿਤ ਹੈ।

ਪਰੀਖਿਆਰਥੀ ਦਾ ਨਾਂ (ਵੱਡੇ ਅੱਖਰਾਂ ਵਿੱਚ) : ______________________

ਰੋਲ ਨੰਬਰ : ਅੰਕਾਂ ਵਿੱਚ ______________________

: ਸ਼ਬਦਾਂ ਵਿੱਚ ______________________

ਪਰੀਖਿਆ ਕੇਂਦਰ (ਵੱਡੇ ਅੱਖਰਾਂ ਵਿੱਚ): ______________________

ਪਰੀਖਿਆਰਥੀ ਦੇ ਦਸਤਖ਼ਤ : ______________ ਨਿਰੀਖਿਅਕ ਦੇ ਦਸਤਖ਼ਤ : ______________

Facsimile signature stamp of

Centre Superintendent : ______________________

ਉਮੀਦਵਾਰ **ਭਾਗ–IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–I** ਚੋਣ ਕੀਤੀ ਹੈ।

Candidates should attempt the questions from **Part-IV (Q.No. 91-120)**, if they have opted **PUNJABI** as **Language-I** only.

## PART–IV

## LANGUAGE–I

## PUNJABI

ਉਮੀਦਵਾਰ **ਭਾਗ–IV** ਦੇ ਪ੍ਰਸ਼ਨ **(ਪ੍ਰ.ਨੰ. 91-120)** ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–I** ਚੋਣ ਕੀਤੀ ਹੈ।

**ਨਿਰਦੇਸ਼: ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾ (91-99) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

'ਸਰਪ ਪੂਜਾ' ਤੋਂ ਮਗਰੋਂ ਪੰਜਾਬ ਵਿੱਚ ਲੱਗਣ ਵਾਲੇ ਪ੍ਰਸਿੱਧ ਮੇਲੇ 'ਸੀਤਲਾ ਮਾਤਾ' ਦੀ ਪੂਜਾ ਨਾਲ ਸੰਬੰਧ ਰੱਖਦੇ ਹਨ। ਗ੍ਰੰਥਕਾਰ ਸੀਤਲਾ ਨੂੰ ਚੇਚਕ ਦੀ ਦੇਵੀ ਮੰਨਦੇ ਹਨ। ਇਸ ਦਾ ਰੰਗ ਸੁਨਹਿਰੀ ਹੈ ਤੇ ਇਹ ਲਾਲ ਬਸਤਰ ਪਹਿਨਦੀ ਹੈ। ਇਹ ਹੱਥ ਵਿਚ ਬੁਹਾਰੀ ਅਤੇ ਸਿਰ ਉੱਤੇ ਛੱਜ ਰੱਖਦੀ ਹੈ । ਇਸ ਦਾ ਵਾਹਣ ਖੋਤਾ ਹੈ। ਸੀਤਲਾ, ਮਸਾਣੀ ਅਤੇ ਬਸੰਤੀ ਆਦਿ ਉਜ ਤਾਂ ਕਾਲੀ ਦੇਵੀ ਦੇ ਹੀ ਰੂਪ ਮੰਨੇ ਜਾਂਦੇ ਹਨ, ਪਰੰਤੂ ਇਨ੍ਹਾਂ ਨੂੰ ਰੋਗ ਫੈਲਾਉਣ ਵਾਲੀਆਂ ਦੇਵੀਆਂ ਮੰਨੀਆਂ ਜਾਂਦਾ ਹੈ। ਪੁਰਾਣੇ ਸਮੇਂ ਜਦੋਂ ਚੇਚਕ ਮਹਾਂਮਾਰੀ ਦੇ ਰੂਪ ਵਿੱਚ ਫੈਲਦੀ ਸੀ ਤਾਂ ਲੋਕਾਂ ਦੇ ਚਿਹਰੇ ਬਦਸ਼ਕਲ ਹੋ ਜਾਂਦੇ ਸਨ, ਅੱਖਾਂ ਦੀ ਜੋਤ ਖ਼ਤਮ ਹੋ ਜਾਂਦੀ ਸੀ, ਅਨੇਕਾ ਜਾਨਾਂ ਚਲੀਆਂ ਜਾਂਦੀਆ ਸਨ। ਉਦੋਂ ਤੋਂ ਮਨੁੱਖ ਨੇ ਇਸ ਦੀ ਦੇਵੀ ਸੀਤਲਾ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਸੀ। ਅੱਜ ਤੱਕ ਵੀ ਚੇਚਕ ਨਿਕਲਣ ਨੂੰ 'ਮਾਤਾ ਦੀ ਮਿਹਰ' ਕਿਹਾ ਜਾਂਦਾ ਹੈ। ਪੰਜਾਬ ਵਿੱਚ ਸਾਰੀਆਂ ਦੇਵੀਆਂ ਦੇ ਮੁਕਾਬਲੇ ਸੀਤਲਾ ਮਾਤਾ ਦੀ ਪੂਜਾ ਸ਼ਭ ਤੋਂ ਵੱਧ ਹੁੰਦੀ ਹੈ। ਉੱਜ ਤਾਂ ਸੀਤਲਾ ਮਾਤਾ ਦੇ ਭਵਨ ਹਰ ਪਿੰਡ ਵਿੱਚ ਬਣੇ ਹੋਏ ਹਨ ਪਰ ਗੁੜਗਾਵਾਂ ਵਿਖੇ ਸੀਤਲਾ ਦਾ ਵੱਡਾ ਮੰਦਰ ਹੈ, ਜਿਥੇ ਚੇਤਰ ਦੇ ਹਰ ਸੋਮਵਾਰ ਮੇਲਾ ਲੱਗਦਾ ਹੈ। ਪੰਜਾਬ ਵਿੱਚ ਕਪੂਰੀ, ਚਪੜਸੀਲ ਅਤੇ ਜਰਗ ਵਿਖੇ ਪ੍ਰਸਿੱਧ ਮੇਲੇ ਲੱਗਦੇ ਹਨ।

**91.** ਪੈਰੇ ਅਨੁਸਾਰ ਸੀਤਲਾ ਮਾਤਾ ਦੀ ਪੌਸ਼ਾਕ ਦਾ ਰੰਗ ਕਿਹੜਾ ਹੈ ?

(1) ਹਰਾ (2) ਕਾਲਾ (3) ਨੀਲਾ (4) ਸੁਨਹਿਰੀ

**92.** 'ਪ੍ਰਸਿੱਧ' ਦਾ ਸਮਾਨਾਰਥਕ ਸ਼ਬਦ ਚੁਣੋ :

(1) ਬੇਪਛਾਣ (2) ਅਨਜਾਣ (3) ਅਣਪਛਾਤਾ (4) ਮਸ਼ਹੂਰ

**93.** ਹੇਠ ਲਿਖਿਆਂ ਕਿਹੜਾ ਸੀਤਲਾ ਮਾਤਾ ਨਾਲ ਸੰਬੰਧਿਤ ਨਹੀਂ ਹੈ ?

(1) ਮਸਾਣੀ (2) ਹੈਦਰ ਸ਼ੇਖ ਦਾ ਮੇਲਾ (3) ਬਸੰਤੀ (4) ਚੇਚਕ

**94.** ਹੇਠ ਲਿਖਿਆਂ ਵਿੱਚੋਂ ਕਿਹੜਾ 'ਚੇਚਕ' ਦੀ ਬੀਮਾਰੀ ਬਾਰੇ ਠੀਕ ਨਹੀਂ ਹੈ ?

(1) ਤੰਦਰੁਸਤ ਹੋ ਜਾਣਾ (2) ਅੱਖਾਂ ਦੀ ਰੌਸ਼ਨੀ ਚਲੀ ਜਾਣੀ
(3) ਮੌਤ ਹੋ ਜਾਣੀ (4) ਚਿਹਰਾ ਬਦਸ਼ਕਲ ਹੋ ਜਾਣਾ

**95.** ਉਪਰੋਕਤ ਪੈਰੇ ਦਾ ਸਿਰਲੇਖ ਦੱਸੋ :

(1) ਰੰਗ-ਸੁਨਹਿਰੀ (2) ਸੀਤਲਾ ਪੂਜਾ (3) ਮੰਦਰ (4) ਗ੍ਰੰਥਕਾਰ

**96.** ਸੀਤਲਾ ਨੂੰ ਕਿਸ ਦੀ ਦੇਵੀ ਮੰਨਿਆਂ ਜਾਂਦਾ ਹੈ ?

(1) ਚੇਚਕ ਦੀ (2) ਗੁੱਗੇ ਦੀ (3) ਸ਼ੇਸ਼ਨਾਗ ਦੀ (4) ਸਰਪ ਦੀ

**97.** ਸ਼ੀਤਾਲ ਮਾਤਾ ਦਾ ਸਭ ਤੋਂ ਵੱਡਾ ਮੰਦਿਰ ਕਿਥੇ ਹੈ ?

(1) ਕਾਨ੍ਹਪੁਰ (2) ਲੁਧਿਆਣਾ (3) ਗੁੜਗਾਵਾਂ (4) ਅੰਬਾਲਾ

**98.** ਸੀਤਲਾ ਮਾਤਾ ਕਿਸ ਦੀ ਸਵਾਰੀ ਕਰਦੀ ਹੈ ?

(1) ਖੋਤੇ ਦੀ (2) ਬੋਤੇ ਦੀ (3) ਘੋੜੇ ਦੀ (4) ਹਾਥੀ ਦੀ

**99.** ਛੱਜ ਕਿਥੇ ਰੱਖਿਆ ਜਾਂਦਾ ਹੈ ?

(1) ਛੱਤ ਉੱਤੇ (2) ਸਿਰ ਉੱਤੇ (3) ਸੰਦੂਕ ਉੱਤੇ (4) ਕੌਲੇ ਵਿੱਚ

**ਨਿਰਦੇਸ਼: ਹੇਠ ਲਿਖੇ ਕਾਵਿ-ਟੁੱਕੜੀ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ (100-105) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚੱਟੈ।
ਸੱਪੈ ਦੁੱਧ ਪਿਆਲੀਐ ਵਿਹੁ ਮੁਖ ਥੀਂ ਸਟੈ।
ਪੱਥਰ ਪਾਣੀ ਰਖੀਐ ਮਨਹਠ ਨ ਘਟੈ।
ਚੋਆ ਚੰਦਨ ਪਰਹਰੈ ਖਰ ਖੇਹ ਪਲਟੈ।
ਤਿਉਂ ਨਿੰਦਕ ਪਰਨਿੰਦਿਅਹੁੰ ਹਠ ਮੂਲ ਨ ਹਟੈ।
ਆਪਣ ਹਥੀਂ ਆਪਣੀ ਜੜ ਆਪ ੳ ਪਟੈ।

**100.** ਉਪਰੋਕਤ ਕਾਵਿ-ਟੁੱਕੜੀ ਦੇ ਰਚੈਤਾ ਕੌਣ ਹਨ ?
(1) ਭਾਈ ਤਾਰੂ ਜੀ (2) ਭਾਈ ਗੁਰਦਾਸ ਜੀ (3) ਭਾਈ ਮਨੀ ਸਿੰਘ ਜੀ (4) ਭਾਈ ਜੈਤਾ ਜੀ

**101.** ਉਪਰੋਕਤ ਕਾਵਿ-ਟੁੱਕੜੀ ਦਾ ਸਿਰਲੇਖ ਚੁਣੋ :
(1) ਅਕ੍ਰਿਤਘਣ (2) ਕਾਵਾਂ ਰੌਲੀ (3) ਨਿੰਦਕ (4) ਬੇਮੁਖ

**102.** 'ਚੋਆ-ਚੰਦਨ' ਕੀ ਹੈ ?
(1) ਟਟੀਹਰੀ (2) ਬੁਦਬੂਦਾਰ ਪਦਾਰਥ (3) ਕਾਵਾਂ-ਰੌਲੀ (4) ਮਹਿਕਦਾਰ ਪਦਾਰਥ

**103.** 'ਵਿਹੁ' ਸ਼ਬਦ ਦਾ ਵਿਰੋਧੀ ਸ਼ਬਦ ਦੱਸੋ :
(1) ਪੁਆਇਜ਼ਨ (2) ਜ਼ਹਿਰ (3) ਵਿਸ਼ (4) ਅੰਮ੍ਰਿਤ

**104.** 'ਖਰ' ਸ਼ਬਦ ਤੋਂ ਕੀ ਭਾਵ ਹੈ ?
(1) ਗਿੱਦੜ (2) ਘੋੜਾ (3) ਬੋਤਾ (4) ਖੋਤਾ

**105.** 'ਮਨਹਠ ਨਾ ਘਟੈ' ਪੰਕਤੀ ਦਾ ਕੀ ਭਾਵ ਹੈ ?
(1) ਮਨ ਵਿਚ ਬੈਠੀ ਗੱਲ ਨੂੰ ਨਾ ਤਿਆਗਣ ਦੀ ਜ਼ਿਦ
(2) ਮਨ ਦੀ ਗੱਲ ਨੂੰ ਛੇਤੀ ਤਿਆਗ ਦੇਣ ਦੀ ਜ਼ਿਦ
(3) ਮਨ ਦੀ ਗੱਲ ਨੂੰ ਹੌਲੀ-ਹੌਲੀ ਤਿਆਗ ਦੇਣ ਦੀ ਜ਼ਿਦ
(4) ਮਨ ਵਿਚ ਖੋਹ ਪੈਣੇ

**106.** 'ਸਾਮੱਗਰੀ ਦੀ ਪ੍ਰਮਾਣਿਕਤਾ' ਤੋਂ ਸੰਕੇਤ ਮਿਲਦਾ ਹੈ :
(1) ਬੱਚਿਆਂ ਵੱਲੋਂ ਘਰ ਤੋਂ ਲਿਆਂਦੀ ਹੋਈ ਸਾਮੱਗਰੀ।
(2) ਅਧਿਆਪਕ ਵੱਲੋਂ ਆਪਣੀ ਜਮਾਤ ਲਈ ਲਿਖੀ ਸਾਮੱਗਰੀ।
(3) ਅਥਾਰਟੀ ਵਿਚ ਲੋਕਾਂ ਵੱਲੋਂ ਲਿਖਿਤ ਅਤੇ ਵਿਕਸਿਤ ਸਾਮੱਗਰੀ।
(4) ਅਸਲ ਜੀਵਨ ਦੇ ਵਿਸ਼ੇ ਵਿਚ ਲਿਖਿਤ ਤੇ ਵਿਕਸਿਤ ਸਾਮੱਗਰੀ।

**107.** ਪੰਜਵੀ ਜਮਾਤ ਦੀ ਅਪਰਨਾ ਨਾਂ ਦੀ ਇਕ ਸਿਖਿਆਰਥਣ ਸਮਝਦੀ ਹੈ ਕਿ ਸ੍ਰਵਨ ਵਿਚ ਭਾਸ਼ਨ ਜਾਂ ਇਕ ਆਡੀਓ ਦਾ ਅਰਥ ਪਤਾ ਲਗਾਉਣ ਲਈ ਹਰੇਕ ਧੁਨੀ, ਸ਼ਬਦਾਂ ਅਤੇ ਫਿਰ ਵਾਕਾਂ ਨੂੰ ਸੁਣਨਾ ਸ਼ਾਮਲ ਹੁੰਦਾ ਹੈ। ਸੁਣਨਾ ਸਿੱਖਣ ਲਈ ਉਹ ਕਿਹੜੀ ਪਹੁੰਚ/ਯੋਜਨਾ ਵਿਚ ਵਿਸ਼ਵਾਸ ਕਰਦੀ ਹੈ ?
(1) ਨਾ ਤਾਂ ਟੌਰ ਡਾਊਨ ਨਾ ਹੀ ਬੌਟਮ ਅੱਪ ਪਹੁੰਚ (2) ਟੌਪ ਡਾਊਨ ਪਹੁੰਚ
(3) ਬੌਟਮ ਅੱਪ ਪਹੁੰਚ (4) ਟੌਪ ਡਾਊਨ ਤੇ ਬੌਟਮ ਅੱਪ ਦੋਨੋ ਪਹੁੰਚ

**108.** ਭਾਸ਼ਾ ਸਿਖਲਾਈ ਵਿੱਚ 'ਸਿਲਸਿਲੇਵਾਰ ਯੋਗਤਾ' ਕੀ ਹੈ ?

(1) ਸਾਰੇ ਮਨੁੱਖਾਂ ਨੂੰ ਸਮਝਣਾ ਬਹੁਤ ਸਾਰੀਆਂ ਭਾਸ਼ਾਵਾਂ ਦਾ ਇਕ ਸਿਸਟਮ ਹੈ।

(2) ਉਸ ਭਾਸ਼ਾ ਨੂੰ ਸਮਝਣਾ ਤੇ ਲਾਗੂ ਕਰਨਾ ਇਕ ਸਿਲਸਿਲੇਵਾਰ ਕੰਮ ਹੈ।

(3) ਉਨ੍ਹਾਂ ਭਾਸ਼ਾਵਾਂ ਨੂੰ ਸਮਝਣਾ ਤੇ ਲਾਗੂ ਕਰਨਾ ਇਕ ਵਿਆਕਰਨਕ ਸਿਸਟਮ ਹੈ।

(4) ਉਨ੍ਹਾਂ ਸਾਰੀਆ ਭਾਸ਼ਾਵਾਂ ਨੂੰ ਸਮਝਣਾ ਇਕ ਸਾਂਝਾ ਸੰਰਚਨਾਤਮਕ ਸਿਸਟਮ ਹੈ।

**109.** ਇਥੇ ਟੈਕਸਟ ਤੇ ਕੁਝ ਬਿਆਨ ਦਿੱਤੇ ਗਏ ਹਨ। ਪਤਾ ਕਰੋ ਕਿ ਇਹ ਟੈਕਸਟ ਕਿਹੜੇ ਭਾਸ਼ਾ ਰਜਿਸਟਰ ਦੀ ਪ੍ਰਤੀਨਿਧਤਾ ਕਰਦੀ ਹੈ ?

ਭਾਰਤੀ ਸੰਵਿਧਾਨ ਹਰੇਕ ਵਿਅਕਤੀ ਨੂੰ ਬਰਾਬਰ ਦੀ ਪਛਾਣ ਦਿੰਦਾ ਹੈ। ਇਸ ਦਾ ਮਤਲਬ ਹੈ ਕਿ ਪੁਰਸ਼, ਔਰਤ, ਸਾਰੀਆਂ ਜਾਤਾਂ, ਧਰਮਾਂ, ਕਬੀਲਿਆਂ, ਸਿਖਿਆ ਤੇ ਆਰਥਿਕ ਪਿਛੋਕੜ ਸਮੇਤ ਹਰ ਵਿਅਕਤੀ ਨੂੰ ਦੇਸ਼ ਵਿਚ ਬਰਾਬਰ ਸਮਝਿਆ ਜਾਂਦਾ ਹੈ । ਅਜਿਹਾ ਨਹੀਂ ਕਿ ਨਾ ਬਰਾਬਰੀ ਨਹੀਂ ਹੈ। ਪਰ ਘੱਟੋ ਘੱਟ ਲੋਕਤਾਂਤਰਿਕ ਭਾਰਤ ਵਿਚ ਸਭ ਲੋਕਾਂ ਦੀ ਬਰਾਬਰੀ ਦੇ ਸਿਧਾਂਤ ਨੂੰ ਮਾਨਤਾ ਹੈ।

(1) ਵਿਗਿਆਨਕ ਰਜਿਸਟਰ
(2) ਸਿਆਸੀ ਰਜਿਸਟਰ
(3) ਸਮਾਜ ਵਿਗਿਆਨ ਰਜਿਸਟਰ
(4) ਕਾਨੂੰਨੀ ਰਜਿਸਟਰ

**110.** ਛੇਵੀ ਜਮਾਤ ਦਾ ਇਕ ਅਧਿਆਪਕ ਇਕ ਤਿਆਰੀ ਵਾਲੀ ਗਤੀਵਿਧੀ ਕਰਾਉਂਦਿਆਂ ਟੈਕਸਟ ਨੂੰ ਪੜਾਉਣ ਰਾਹੀਂ ਸਿਖਿਆਰਥੀਆਂ ਨੂੰ ਉਨ੍ਹਾਂ ਦੇ ਪੂਰਵ ਗਿਆਨ ਤੇ ਅਨੁਭਵ ਨਾਲ ਜੋੜਦਾ ਹੈ। ਪਰ ਆਪਣੇ ਸਿਖਿਆਰਥੀਆਂ ਨੂੰ ਟੈਕਸਟ ਪੜ੍ਹਾਉਣ ਤੋਂ ਪਹਿਲਾ ਟੈਕਸਟ (ਕਹਾਣੀ) ਦੀਆਂ ਉਨ੍ਹਾਂ ਨੂੰ ਕੁਝ ਉਦਾਰਹਰਨਾ ਦਿੰਦਾ ਹੈ। ਉਹ ਆਪਣੇ ਸਿਖਿਆਰਥੀਆਂ ਤੋਂ ਕੀ ਕਰਵਾਉਣਾ ਚਾਹੁੰਦਾ ਹੈ?

(1) ਉਨ੍ਹਾਂ ਨੂੰ ਉਦਾਹਰਨਾਂ ਸਮਝਾਉਣੀਆਂ
(2) ਉਦਾਹਰਨਾਂ ਰਾਹੀਂ ਕਹਾਣੀ ਨੂੰ ਦਰਸਾਉਣਾ
(3) ਉਦਾਹਰਨਾਂ ਦੀ ਪ੍ਰਸੰਸਾ
(4) ਰੀਡਿੰਗ ਟੈਕਸਟ ਬਾਰੇ ਅਨੁਮਾਨ ਲਗਾਉਣਾ

**111.** ਸਿਖਿਆਰਥੀ ਲਈ ਸਿਖਲਾਈ ਦੀਆਂ ਉਦਾਹਰਨਾਂ ਦੇ ਇਕ ਨਿਰੰਤਰ ਰਿਕਾਰਡ ਨੂੰ ਕਹਿੰਦੇ ਹਨ :

(1) ਡਾਇਗਨੌਸਟਿਕ ਟੈਸਟ
(2) ਪੋਰਟਫੋਲੀਓ
(3) ਨਿਰੰਤਰ ਵਿਆਪਕ ਮੁਲਾਂਕਨ
(4) ਪ੍ਰਬੀਨਤਾ ਦਾ ਮਲਾਂਕਨ

**112.** ਹੇਠ ਲਿਖਿਆਂ ਵਿੱਚੋਂ ਕਿਹੜਾ ਗ੍ਰਹਿਣ ਸ਼ੀਲ ਕੌਸਲ ਹੈ ?

(1) ਸ੍ਰਵਨ ਤੇ ਪੜ੍ਹਨਾ
(2) ਸ੍ਰਵਨ ਤੇ ਲੇਖਣ
(3) ਪੜ੍ਹਨਾ ਤੇ ਬੋਲਣਾ
(4) ਬੋਲਣਾ ਤੇ ਲਿਖਣਾ

**113.** ਬਹੁਤ ਸਾਰੇ ਭਾਰਤੀ ਲੋਕ ਜੋ ਨੌਕਰੀਆਂ ਲਈ ਬਾਹਰ ਜਾਂਦੇ ਹਨ, ਉਥੋਂ ਦੀ ਭਾਸ਼ਾ ਸਿੱਖਦੇ ਹਨ। ਇਸ ਪ੍ਰੇਰਨਾ ਨੂੰ ਕੀ ਕਿਹਾ ਜਾਵੇਗਾ ?

(1) ਇਹ ਨਾ ਤਾਂ ਸਹਾਇਕ ਅਤੇ ਨਾ ਹੀ ਅਖੰਡ ਪ੍ਰੇਰਨਾ ਹੈ।
(2) ਅਖੰਡ ਤੇ ਸਹਾਇਕ ਪ੍ਰੇਰਨਾ।
(3) ਅਖੰਡ ਪ੍ਰੇਰਨਾ।
(4) ਸਹਾਇਕ ਪ੍ਰੇਰਨਾ।

**114.** ਹੇਠ ਲਿਖਿਆਂ ਵਿਚੋਂ ਕਿਹੜੀ ਇਕ ਸ਼ਾਸਤਰੀ ਭਾਸ਼ਾ ਨਹੀਂ ਹੈ ?

(1) ਹਿੰਦੀ
(2) ਤਾਮਿਲ
(3) ਸੰਸਕ੍ਰਿਤ
(4) ਤੇਲਗੂ

**115.** ਹੇਠ ਲਿਖਿਆਂ ਵਿੱਚੋਂ ਕਿਹੜਾ, ਵਿਦੇਸ਼ੀ ਭਾਸ਼ਾਵਾਂ ਦੇ ਅਧਿਐਨ ਉੱਤੇ ਰਾਸ਼ਟਰੀ ਸਿੱਖਿਆ ਨੀਤੀ (NEP) 2020 ਬਾਰੇ ਸਹੀ ਨਹੀਂ ਹੈ ?

(1) ਫਰੈਂਚ ਇਕ ਵਾਧੂ ਵਿਕਲਪ ਵਜੋਂ ਸਿਫ਼ਾਰਸ਼ ਕੀਤੀਆਂ ਗਈਆਂ ਭਾਸ਼ਾਵਾਂ ਵਿੱਚੋਂ ਇਕ ਹੈ।

(2) ਸੈਕੰਡਰੀ ਪੱਧਰ ਦੌਰਾਨ ਇਕ ਵਾਧੂ ਵਿਕਲਪ ਵਜੋਂ ਵਿਦੇਸ਼ੀ ਭਾਸ਼ਾਵਾਂ ਦਾ ਅਧਿਐਨ।

(3) ਤ੍ਰੈਭਾਸੀ ਫਾਰਮੂਲੇ ਤਹਿਤ ਕਿਸੇ ਇਕ ਵਿਦੇਸ਼ੀ ਭਾਸ਼ਾ ਦੇ ਅਧਿਐਨ ਨੂੰ ਸ਼ਾਮਲ ਕਰਨਾ।

(4) ਤ੍ਰੈਭਾਸ਼ੀ ਫਾਰਮੂਲੇ ਅਧੀਨ ਪੜ੍ਹੀਆ ਜਾਂਦੀਆਂ ਭਾਸ਼ਾਵਾਂ ਵਿਚ ਵਿਦੇਸ਼ੀ ਭਾਸ਼ਾ ਸ਼ਾਮਲ ਨਹੀਂ।

**116.** ਹੇਠ ਲਿਖਿਆਂ ਵਿੱਚੋਂ ਕਿਹੜਾ 'ਭਾਸ਼ਾ ਨੂੰ ਜਾਣਨ ਬਾਰੇ' ਦਾ ਸੰਕੇਤ ਕਰਦਾ ਹੈ ?

(1) ਯੋਜਨਾਬੱਧ ਯੋਗਤਾ
(2) ਘੋਸ਼ਿਤ ਗਿਆਨ
(3) ਪ੍ਰਕਿਰਿਆਤਮਕ ਗਿਆਨ
(4) ਵਿਆਕਰਨਕ ਗਿਆਨ

**117.** ਛੇਵੀਂ ਜਮਾਤ ਦਾ ਇਕ ਅਧਿਆਪਕ ਇਕ ਬੋਲ ਗਤੀਵਿਧੀ ਲਈ ਹੇਠ ਲਿਖਿਆ ਟਾਸਕ ਅਪਣਾਉਂਦਾ ਹੈ।

ਰੇਗਿਸਤਾਨ ਅਤੇ ਇਸ ਦੀਆਂ ਵਾਤਾਵਰਣ ਦੀਆਂ ਹਾਲਤਾਂ ਬਾਰੇ ਪੰਜ ਵਾਕ ਬੋਲੋ।

ਕੀ ਇਹ ਇਕ ਚੰਗੀ ਟਾਸਕ ਹੈ ਜਾਂ ਨਹੀ ? ਆਪਣੀ ਪ੍ਰਤੀਕਿਰਿਆ ਦਾ ਵਿਕਲਪ ਅਤੇ ਉਸ ਦਾ ਕਾਰਨ ਚੁਣੋ।

(1) ਇਹ ਇਕ ਚੰਗੀ ਟਾਸਕ ਨਹੀਂ ਹੈ, ਕਿਉਂਕਿ ਇਸ ਵਿਚ ਸੰਦਰਭ ਦੀ ਘਾਟ ਹੈ, ਕਿਉਂਕਿ ਇਸ ਵਿਚ ਰੇਗਿਸਤਾਨ ਤੇ ਇਸ ਦੀਆਂ ਹਾਲਤਾ ਬਾਰੇ ਬੋਲਣ ਲਈ ਇਨਪੁਟ ਨਹੀਂ ਹੈ।

(2) ਇਹ ਇਕ ਚੰਗੀ ਟਾਸਕ ਹੈ ਕਿਉਂਕਿ ਸਿਖਿਆਰਥੀ ਆਪਣੀ ਭੂਗੋਲ ਦੀ ਜਮਾਤ ਵਿਚ ਰੇਗਿਸਤਾਨ ਬਾਰੇ ਪੜ੍ਹਨਗੇ ਤੇ ਉਨ੍ਹਾਂ ਕੋਲ ਬੋਲਣ ਲਈ ਇਨਪੁਟ ਹੋਵੇਗੀ।

(3) ਇਹ ਇਕ ਚੰਗੀ ਟਾਸਕ ਹੈ, ਕਿਉਂਕਿ ਇਹ ਸਿਖਿਆਰਥੀ ਨੂੰ ਰੇਗਿਸਤਾਨ ਬਾਰੇ ਕੁੱਝ ਬੋਲਣ ਦੇ ਯੋਗ ਬਣਾਦੇਗੀ।

(4) ਇਹ ਇਚ ਚੰਗੀ ਟਾਸਕ ਨਹੀਂ ਹੈ, ਕਿਉਂਕਿ ਕੁੱਝ ਸਿਖਿਆਰਥੀਆਂ ਨੂੰ ਰੇਗਿਸਤਾਨ ਬਾਰੇ ਜਾਣਕਾਰੀ ਨਹੀਂ ਹੋ ਸਕਦੀ ।

**118.** ਹੇਠ ਲਿਖਿਆਂ ਵਿਚੋਂ ਕਿਹੜਾ ਬਿਆਨ ਇਕ ਭਾਸ਼ਾ ਦੀ ਉਪਭਾਸ਼ਾ ਬਾਰੇ ਸਹੀ ਹੈ ?

(1) ਕਈ ਵਾਰੀ ਵੱਖ-ਵੱਖ ਸਮਾਜਕ ਸਮੂਹ ਉਸੇ ਭਾਸ਼ਾ ਦੀਆਂ ਵੱਖ-ਵੱਖ ਉਪ-ਭਾਸ਼ਾਵਾਂ ਬੋਲ ਸਕਦੇ ਹਨ।

(2) ਭਾਸ਼ਾ ਦੀਆਂ ਉਪਭਾਸ਼ਾਵਾਂ ਖੇਤਰ ਤੋਂ ਖੇਤਰ ਤੱਕ ਭਿੰਨ-ਭਿੰਨ ਹੁੰਦੀਆਂ ਹਨ।

(3) ਇਕ ਭਾਸ਼ਾ ਦੀਆਂ ਵੱਖ-ਵੱਖ ਉਪਭਾਸ਼ਾਵਾਂ ਦੇ ਬੁਲਾਰੇ ਦੂਜੀ ਉਪਭਾਸ਼ਾ ਦੇ ਬੁਲਾਰੇ ਨੂੰ ਸਮਝ ਸਕਦੇ ਹਨ।

(4) ਉਪਭਾਸ਼ਾ ਵਿਸ਼ਾਲ ਹੈ, ਜਦਕਿ ਭਾਸ਼ਾ ਲਘੂ ਹੈ।

**119.** ਹੇਠ ਲਿਖੇ ਕਾਰਜਾਂ ਵਿਚੋਂ ਕਿਹੜਾ ਅਖੰਡ ਸ਼੍ਰਵਨ ਕੌਸ਼ਲ ਹੈ ?

(1) ਇਕ ਅਰਟੀਕਲ ਲਿਖਣਾ
(2) ਰੋਲ ਪਲੇਅ
(3) ਅਸਾਈਨਮੈਂਟ
(4) ਪ੍ਰੋਜੈਕਟ ਵਰਕ

**120.** ਹੇਠ ਲਿਖਿਆਂ ਵਿਚੋਂ ਕਿਹੜੀ ਯੋਜਨਾ ਸੰਦਰਭ ਵਿਆਕਰਨ ਅਧਿਆਪਨ ਵਜੋਂ ਜਾਣੀ ਜਾਂਦੀ ਹੈ?

ਸੰਦਰਭਾਂ ਵਿਚ ਭਾਸ਼ਾ ਨੂੰ ਲਾਗੂ ਕਰਨਾ, ਸਿਖਿਆਰਥੀਆਂ ਦਾ ਭਾਸ਼ਾਈ ਮਦਾਂ ਵੱਲ ਧਿਆਨ ਦਿਵਾਉਣਾ, ਉਨ੍ਹਾਂ ਨੂੰ ਅਸਲੀ ਜੀਵਨ ਦੇ ਸੰਦਰਭਾਂ ਵਿਚ ਵਰਤੋਂ ਕਰਨ ਦੇ ਯੋਗ ਬਨਾਉਣਾ ਅਤੇ ਇਸ ਦੀ ਖੋਜ ਕਰਦੇ ਸਿਖਿਅਰਥੀਆਂ ਦਾ ਧਿਆਨ ਰੂਪ ਵੱਲ ਦਿਵਾਉਣਾ।

(1) ਚੇਤਨਾ ਪੈਦਾ ਕਰਨੀ
(2) ਖ਼ਾਕਾ ਤਿਆਰ ਕਰਨਾ
(3) ਤਰਕਪੂਰਨ ਵਿਧੀ
(4) ਖੋਜ ਵਿਧੀਆਂ

ਉਮੀਦਵਾਰ **ਭਾਗ–V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–II** ਵਜੋਂ ਚੁਣਿਆ ਹੈ।

Candidates should attempt the questions from **Part-V (Q.No. 121-150)**, if they have opted **PUNJABI** as **Language-II** only.

## PART–V

## LANGUAGE–II

## PUNJABI

| |
|---|
| ਉਮੀਦਵਾਰ **ਭਾਗ–V (ਪ੍ਰ.ਨੰ. 121-150)** ਦੇ ਪ੍ਰਸ਼ਨ ਤਾਂ ਹੀ ਹੱਲ ਕਰਨ ਜੇਕਰ ਉਨ੍ਹਾਂ ਨੇ **ਪੰਜਾਬੀ ਭਾਸ਼ਾ–II** ਵਜੋਂ ਚੁਣਿਆ ਹੈ। |

**ਨਿਰਦੇਸ਼: ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾ (121-128) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਅੱਜ ਵੀ ਨਵੇ ਮਕਾਨ ਦੀ ਨੀਂਹ ਧਰਨ ਸਮੇਂ 'ਸਰਪ ਪੂਜਾ' ਦਾ ਮਹਾਤਮ ਮੰਨਿਆ ਜਾਂਦਾ ਹੈ, ਪੁਰਾਣੇ ਸਮੇਂ ਖੇਤਾ ਵਿਚ ਨਾਗ ਪੂਜਾ ਨਾਲ ਸੰਬੰਧਿਤ ਛੋਟੇ-ਵੱਡੇ ਮੇਲੇ ਲੱਗਦੇ ਰਹੇ ਹਨ ਜਿਨ੍ਹਾਂ ਨੂੰ 'ਨਾਗ ਮਾਹਾਂ' ਕਿਹਾ ਜਾਂਦਾ ਸੀ। ਗੁੱਗੇ ਦੀ ਪੂਜਾ ਵੀ ਮੂਲ ਰੂਪ ਵਿੱਚ ਸਰਪ ਪੂਜਾ ਦਾ ਹੀ ਸੁਧਰਿਆ ਹੋਇਆ ਤੇ ਬਦਲਿਆ ਹੋਇਆ ਰੂਪ ਹੈ।ਗੁੱਗਾ ਸ਼ਬਦ ਉਸ ਸੱਪ ਲਈ ਪ੍ਰਯੋਗ ਹੁੰਦਾ ਰਿਹਾ ਹੈ, ਜੋ ਰੂਪ ਬਦਲ ਕੇ ਮਨੁੱਖ ਬਣਨ ਦੀ ਸ਼ਕਤੀ ਰੱਖਦਾ ਸੀ । ਲੋਕ-ਧਾਰਨਾ ਅਨੁਸਾਰ ਗੁੱਗਾ ਮੂਲ ਰੂਪ ਵਿੱਚ ਸੱਪਾਂ ਦਾ ਰਾਜਾ ਸੀ, ਜੋ ਮਨੁੱਖੀ ਜਾਮੇ ਵਿਚ ਸੰਸਾਰ ਵਿੱਚ ਆਇਆ ਸੀ। ਗੁਗੇ ਦੀ ਜੀਵਨ ਨਾਲ ਸੰਬੰਧਿਤ ਦੰਦ-ਕਥਾਵਾਂ ਵਿੱਚ ਬਾਲਪਨ ਸਮੇਂ ਗੁਰੂ ਗੁੱਗੇ ਵੱਲੋਂ ਸੱਪ ਦਾ ਮੂੰਹ ਚੂਸਣਾ, ਸੱਪਾ ਨਾਲ ਬੁਣੀ ਮੰਜੀ ਤੇ ਸੌਣਾ, ਆਪਣੇ ਈਰਖਾਲੂ ਮਸੇਰੇ ਭਰਾਵਾਂ ਨੂੰ ਮਾਰਨਾ, ਮੁਸਲਮਾਨ ਬਣ ਕੇ ਧਰਤੀ ਅੰਦਰ ਸਮਾ ਜਾਣਾ, ਆਪਣੀ ਮੰਗੇਤਰ ਨੂੰ ਮਨੁੱਖੀ ਜਾਮੇ ਵਿੱਚ ਦਰਸ਼ਨ ਦੇਣਾ, ਆਦਿ ਪ੍ਰਚਲਿਤ ਹਨ। ਉਂਜ ਤਾਂ ਪੰਜਾਬ ਦੇ ਅਨੇਕ ਪਿੰਡਾ ਵਿੱਚ ਗੁਗੇ ਦੀਆਂ ਮਾੜੀਆਂ ਬਣੀਆਂ ਹਨ, ਜਿਥੇ ਗੂਗਾ ਨੌਵੀ ਵਾਲੇ ਦਿਨ ਭਾਰੀ ਮੇਲੇ ਲੱਗਦੇ ਹਨ। ਪਰ ਛਪਾਰ (ਜ਼ਿਲਾ ਲੁਧਿਆਣਾ) ਦਾ ਮੇਲਾ ਵਿਸ਼ੇਸ਼ ਪ੍ਰਸਿੱਧੀ ਰੱਖਦਾ ਹੈ।

ਇਹ ਮੇਲਾ ਭਾਦਰੋਂ ਸੁਦੀ ਚੌਦਸ (ਅਨੰਤ ਚੌਦਸ ) ਨੂੰ ਲੱਗਦਾ ਹੈ।ਛਪਾਰ ਪਿੰਡ ਦੀ ਦੱਖਣੀ ਗੁਠ ਵਿਖੇ ਗੁਗੇ ਪੀਰ ਦੀ ਇਕ ਮਾੜੀ ਹੈ, ਜਿਸ ਦੀ ਗੁੰਗੇ ਦੇ ਭਗਤਾਂ ਨੇ ਰਾਜਸਥਾਨ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ 1890 ਬਿਕਰਮੀ ਵਿਚ ਇਥੇ ਸਥਾਪਨਾ ਕੀਤੀ, ਉਸ ਸਮੇਂ ਤੋਂ ਹੀ ਮੇਲਾ ਚਲਿਆਂ ਆ ਰਿਹਾ ਹੈ।

**121.** ਹੇਠ ਲਿਖਿਆ ਵਿਚੋਂ ਕਿਹੜਾ ਗੁੱਗੇ ਦੀ ਦੰਦ ਕਥਾ ਨਾਲ ਸੰਬੰਧਿਤ ਨਹੀਂ ਹੈ?

(1) ਧਰਤੀ ਅੰਦਰ ਸਮਾ ਜਾਣਾ
(2) ਗੁੱਗੇ ਵੱਲੋਂ ਸੱਪ ਦਾ ਮੂੰਹ ਚੂਸਣਾ
(3) ਚੇਚਕ ਦੀ ਬੀਮਾਰੀ
(4) ਮਸੇਰੇ ਭਰਾਵਾ ਨੂੰ ਮਾਰਨਾ

**122.** ਮੂਲ ਰੂਪ ਵਿੱਚ ਗੁੱਗਾਂ ਕੌਣ ਸੀ ?

(1) ਸੱਪਾਂ ਦਾ ਰਾਜਾ
(2) ਚੇਚਕ ਦਾ ਦੇਵਤਾ
(3) ਵਡੇਰਿਆਂ ਦਾ ਰਾਜਾ
(4) ਇਸਾਈਆਂ ਦਾ ਰਾਜਾ

**123.** ਗੁੱਗੇ ਦਾ ਮੇਲਾ ਕਦੋਂ ਲੱਗਦਾ ਹੈ ?

(1) ਜੇਠ ਵਿਚ (2) ਭਾਦੋਂ ਵਿਚ (3) ਚੇਤ ਵਿਚ (4) ਹਾੜ ਵਿਚ

**124.** ਉਪਰੋਤਕ ਪੈਰੇ ਦਾ ਢੁਕਵਾਂ ਸਿਰਲੇਖ ਦੱਸੋ :

(1) ਪੰਜਾਬ (2) ਮਸੇਰੇ ਭਰਾ (3) ਲੋਕ-ਧਾਰਨਾ (4) ਗੁੱਗਾ ਪੀਰ

**125.** ਹੇਠ ਲਿਖਿਆਂ ਵਿੱਚੋਂ ਸਮਾਸੀ ਸ਼ਬਦਾ ਕਿਹੜਾ ਹੈ ?

(1) ਮੇਲਾ-ਵਿਸ਼ੇਸ਼ (2) ਦੰਦ-ਕਥਾਵਾਂ (3) ਗੁਰੂ-ਗੁੱਗਾ (4) ਇਕ-ਮਾੜੀ

**126.** 'ਸਥਾਪਨਾ' ਦਾ ਵਿਰੋਧੀ ਸ਼ਬਦ ਕਿਹੜਾ ਹੈ ?

(1) ਰੱਖਣਾ (2) ਉਖਾੜਨਾ (3) ਲਗਾਉਣਾ (4) ਸੁਸ਼ੋਭਿਤ

**127.** ਗੁੱਗੇ ਦਾ ਮਸ਼ਹੂਰ ਮੇਲਾ ਕਿਥੇ ਲਗਦਾ ਹੈ ?

(1) ਅੰਮ੍ਰਿਤਸਰ (2) ਗੁੜਗਾਵਾਂ (3) ਮੁਕਤਸਰ (4) ਛਪਾਰ

**128.** 'ਮਹਾਤਮ' ਦਾ ਸਮਾਨਾਰਥ ਸ਼ਬਦਾ ਚੁਣੋ :

(1) ਮਹੱਤਵਪੂਰਨ (2) ਨਿਗੂਣਾ (3) ਬੇਲੋੜਾ (4) ਅਣਗੇਲਿਆ

**ਨਿਰਦੇਸ਼: ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾ (129-135) ਦੇ ਉੱਤਰ ਢੁਕਵੇਂ ਵਿਕਲਪਾਂ ਨਾਲ ਦਿਉ :**

ਵੈਦਿਕ ਕਾਲ ਤੋਂ ਹੀ ਅੱਸੂ ਦੇ ਚਾਨਣੇ ਪੱਖ ਦੀ ਦਸਵੀ ਦਾ ਦਿਨ ਬੜਾ ਪਵਿੱਤਰ ਮੰਨਿਆ ਜਾਂਦਾ ਰਿਹਾ ਹੈ। ਜੋਤਿਸ, ਵਿਦਿਆ ਅਨੁਸਾਰ ਇਸ ਤਿੱਥ ਨੂੰ ਕੁਝ ਵਿਸ਼ੇਸ਼ ਨਛੱਤਰਾਂ ਤੇ ਗ੍ਰਹਿਆਂ ਦਾ ਸੰਜੋਗ ਹੁੰਦਾ ਹੈ-ਪਹਿਲੇ ਸਮਿਆਂ ਵਿੱਚ ਵੱਡੇ ਵਪਾਰੀ ਤੇ ਸੁਦਾਗਰ ਇਸੇ ਦਿਨ ਤੋਂ ਹੀ ਯਾਤਰਾ ਆਰੰਭ ਕਰਦੇ ਸਨ। ਰਾਜਸਥਾਨ ਦੇ ਲੋਕ ਤਾਂ ਦੁਸਹਿਰੇ ਵਾਲੇ ਦਿਨ ਤੋਂ ਹੀ ਫ਼ਸਲਾ ਦੀ ਬਿਜਾਈ ਆਰੰਭ ਕਰਦੇ ਰਹੇ ਹਨ।

ਦੁਸਹਿਰੇ ਵਾਲੇ ਦਿਨ 'ਨੀਲਕੰਠ' ਦੇ ਦਰਸ਼ਨ ਕਰਨ ਦਾ ਵਿਸ਼ੇਸ਼ ਮਹਾਤਮ ਮੰਨਿਆ ਜਾਂਦਾ ਹੈ । ਲੋਕ-ਵਿਸ਼ਵਾਸ ਅਨੁਸਾਰ ਜਦੋਂ ਰਾਮ-ਰਾਵਣ ਧਰਮ ਯੁੱਧ ਵਿੱਚ ਸ੍ਰੀ ਰਾਮ ਤੇ ਲਛਮਣ ਮੂਰਛਿਤ ਹੋ ਗਏ ਸਨ ਤਾਂ 'ਨੀਲਕੰਠ' ਨੇ ਹੀ ਉਨ੍ਹਾਂ ਦੇ ਸਰੀਰ ਨੂੰ ਜ਼ਹਿਰ ਤੋਂ ਮੁਕਤ ਕੀਤਾ ਸੀ । ਕਿਹਾਂ ਜਾਂਦਾ ਹੈ ਕਿ ਜ਼ਹਿਰ ਨਾਲ ਉਸ ਪੰਛੀ ਦਾ ਕੰਠ ਨੀਲਾ ਹੋ ਗਿਆ ਸੀ । ਉਸੇ ਦਿਨ ਤੋਂ ਉਸ ਨੂੰ 'ਨੀਲਕੰਠ' ਦਾ ਨਾਂ ਦਿਤਾ ਗਿਆ ਹੈ ਤੇ ਲੋਕ ਉਸ ਦੇ ਦਰਸ਼ਨ ਕਰਨ ਨੂੰ ਅਸਲ ਵਿੱਚ ਸ੍ਰੀ ਰਾਮ ਦੇ ਦਰਸ਼ਨ ਕਰਨਾ ਹੀ ਸਮਝਦੇ ਹਨ। ਇਸੇ ਨੀਲਕੰਠ ਨੂੰ 'ਗਰੁੜ ਫੰਘ' ਦੀ ਕਿਹਾ ਜਾਂਦਾ ਹੈ।

**129.** ਨੀਲਕੰਠ ਦੇ ਦਰਸ਼ਨ ਕਰਨ ਨੂੰ ਕਿਸ ਦੇ ਦਰਸ਼ਨ ਮੰਨਿਆਂ ਜਾਂਦਾ ਹੈ ?

(1) ਵਿਸ਼ਨੂੰ ਭਗਵਾਨ ਦੇ (2) ਸ਼੍ਰੀ ਰਾਮ ਦੇ (3) ਸ਼੍ਰੀ ਕ੍ਰਿਸ਼ਨ ਦੇ (4) ਸ਼ੰਕਰ ਭਗਵਾਨ ਦੇ

**130.** ਅੱਸੂ ਦੇ ਚਾਨਣੇ ਪੱਖ ਦੀ ਦਸਵੀਂ ਦੇ ਦਿਨ ਨੂੰ ਪਵਿੱਤਰ ਕਿਸ ਨੇ ਕਿਹਾਂ ਹੈ ?

(1) ਜੋਤਸ਼ੀਆਂ ਨੇ (2) ਮਹਾਤਮਾ ਬੁਧ ਨੇ (3) ਰਾਜਸਥਾਨੀਆਂ ਨੇ (4) ਸੁਦਾਗਰਾਂ ਨੇ

**131.** ਦੁਸਹਿਰੇ ਵਾਲੇ ਦਿਨ ਤੋਂ ਫ਼ਸਲ ਬੀਜਣ ਦੀ ਸ਼ੁਰੂਆਤ ਕਿੱਥੇ ਹੁੰਦੀ ਹੈ ?

(1) ਜੰਮੂ-ਕਸ਼ਮੀਰ (2) ਪੰਜਾਬ (3) ਹਰਿਆਣਾ (4) ਰਾਜਸਥਾਨ

**132.** ਹੇਠ ਲਿਖਿਆਂ ਵਿਚੋਂ ਸਮਾਸੀ ਸ਼ਬਦ ਚੁਣੋ :

(1) ਰਾਮ-ਰਾਵਨ (2) ਬਿਜਾਈ-ਆਰੰਭ (3) ਵਿਸ਼ੇਸ਼-ਨਛੱਤਰਾਂ (4) ਜ਼ਹਿਰ-ਨਾਲ

**133.** ਲਛਮਣ ਦੀ ਜਾਨ ਕਿਸ ਨੇ ਬਚਾਈ ਸੀ ?

(1) ਸੁਦਾਗਰ ਨੇ (2) ਨਛੱਤਰਾਂ ਨੇ (3) ਗ੍ਰਹਿਆਂ ਨੇ (4) ਨੀਲਕੰਠ ਨੇ

**134.** ਨੀਲਕੰਠ ਦਾ ਦੂਜਾ ਨਾਂ ਕੀ ਹੈ ?

(1) ਕੰਠ (2) ਕੰਠ ਨੀਲ (3) ਗਰੁੜ ਫੰਘ (4) ਫੰਗ ਗਰੁੜ

**135.** ਧਰਮ ਯੁੱਧ ਕਿੰਨਾਂ ਵਿਚਕਾਰ ਹੋਇਆ ਸੀ?

(1) ਰਾਜਸਥਾਨੀਆਂ ਵਿਚਕਾਰ (2) ਨਛੱਤਰਾਂ ਵਿਚਕਾਰ

(3) ਸੁਦਾਗਰਾਂ ਵਿਚਕਾਰ (4) ਰਾਮ ਦੇ ਰਾਵਨ ਵਿਚਕਾਰ

**136.** ਅਸ਼ਵਿਨ ਜਮਾਂਦਰੂ ਉੜੀਆਂ ਜਾਣਦਾ ਹੈ। ਹੁਣ ਉਹ ਅੰਗਰੇਜ਼ੀ ਤੇ ਹਿੰਦੀ ਪੜ੍ਹਦਾ ਹੈ। ਉਸ ਦੇ ਬਿਆਨ ਦੇ ਆਧਾਰ ਉੱਤੇ ਹੇਠ ਲਿਖਿਆਂ ਵਿਚੋਂ ਕਿਹੜਾ ਬਿਆਨ ਸਹੀ ਨਹੀਂ ?

(1) ਉਸ ਦੀ ਅੰਗਰੇਜ਼ੀ ਦੀ ਸਿਖਲਾਈ ਭਾਸ਼ਾ ਗ੍ਰਹਿਣਸ਼ੀਲਤਾ ਹੈ।

(2) ਉਸ ਦੀ ਉੜੀਆਂ ਦੀ ਸਿਖਲਾਈ ਭਾਸ਼ਾ ਗ੍ਰਹਿਣਸ਼ੀਲਤਾ ਹੈ।

(3) ਉਸ ਦੀ ਹਿੰਦੀ ਦੀ ਸਿਖਲਾਈ ਭਾਸ਼ਾ ਦੀ ਸਿਖਲਾਈ ਹੈ।

(4) ਉਸ ਦੀ ਅੰਗਰੇਜ਼ੀ ਦੀ ਸਿਖਲਾਈ ਭਾਸ਼ਾ ਦੀ ਸਿਖਲਾਈ ਹੈ।

**137.** ਸਹਾਇਕ ਪ੍ਰੇਰਨਾ ਹੁੰਦੀ ਹੈ, ਜਦੋਂ :

(1) ਵਿਅਕਤੀ ਇਕ ਕਿਤਾਬ ਲਿਖਣ ਵਾਸਤੇ ਭਾਸ਼ਾ ਸਿੱਖਦਾ ਹੈ।

(2) ਵਿਅਕਤੀ ਰੁਜ਼ਗਾਰ ਵਰਗੇ ਵਰਤੋਂ ਯੋਗ ਕਾਰਨ ਕਰਕੇ ਭਾਸ਼ਇਆ ਸਿੱਖਦਾ ਹੈ।

(3) ਵਿਅਕਤੀ ਭਾਸ਼ਾ ਦੇ ਦੇਸੀ ਬੁਲਾਰਿਆਂ ਦੇ ਨਾਲ ਨਜ਼ਦੀਕੀ ਬਨਾਉਣ ਲਈ ਭਾਸ਼ਾ ਸਿੱਖਦਾ ਹੈ।

(4) ਵਿਅਕਤੀ ਆਪਣੇ ਭਾਈਚਾਰੇ, ਧਰਮ ਅਤੇ ਸਮਾਜਕ ਵਿਹਾਰ ਲਈ ਭਾਸ਼ਾ ਸਿੱਖਦਾ ਹੈ।

**138.** ਕ੍ਰਿਪਾ ਤੇ ਕਰਨ ਜੌੜੇ ਹਨ, ਜੋ ਮਨੀਪੁਰੀ ਦੀ ਇਕ ਵਿਸ਼ੇਸ਼ ਉਪਭਾਸ਼ਾ ਬੋਲਦੇ ਹਨ। ਪਰ, ਉਹ ਆਪਣੀ ਬੋਲੀ ਵਿਚ ਵੱਖੋ-ਵੱਖਰੇ ਹਨ। ਉਪਭਾਸ਼ਾ ਨੂੰ ਬੋਲਣ ਦੇ ਉਨ੍ਹਾਂ ਦੇ ਵਿਅਕਤੀਗਤ ਵਿਸ਼ੇਸ਼ ਤਰੀਕੇ ਨੂੰ ਕੀ ਕਹਿੰਦੇ ਹਨ ?

(1) ਮਨੀਪੁਰੀ (2) ਵਿਅਕਤੀ ਭਾਸ਼ਾ (3) ਉਪਭਾਸ਼ਾਂ (4) ਬੋਲ ਕਾਰਜ

**139.** ਭਾਰਤੀ ਸੰਵਿਧਾਨ ਵਿਚ ਅੰਗਰੇਗੀ ਭਾਸ਼ਾ ਨੂੰ ਕਿਹੜਾ ਦਰਜ਼ਾ ਦਿੱਤਾ ਗਿਆ ਹੈ ?

(1) ਸੰਵਿਧਾਨਕ ਸੰਸਥਾਵਾਂ ਦੀ ਭਾਸ਼ਾ (2) ਸਰਕਾਰੀ ਭਾਸ਼ਾ

(3) ਸਹਾਇਕ ਸਰਕਾਰੀ ਭਾਸ਼ਾ (4) ਵਿਦੇਸ਼ੀ ਭਾਸ਼ਾ

**140.** ਇਕ ਟੈਸਟ, ਜਿਸ ਦਾ ਉਦੇਸ਼ ਇਕ ਵਿਦਿਆਰਥੀ ਦੀ ਕਮਜ਼ੋਰੀ ਅਤੇ ਤਾਕਤ ਦੇ ਵਿਸ਼ੇਸ਼ ਖੇਤਰਾਂ ਦੀ ਪਛਾਣ ਕਰਨੀ ਹੁੰਦਾ ਹੈ, ਉਸ ਨੂੰ ਕਹਿੰਦੇ ਹਨ :

(1) ਫਾਰਮੇਟਿਵ ਟੈਸਟ (2) ਅਬਜੈਕਟਿਵ ਟੈਸਟ

(3) ਵੈਧਤਾ ਟੈਸਟ (4) ਡਾਇਗਨਸੌਟਿਕ ਟੈਸਟ

**141.** ਅਦਿਤੀ ਪੂਰਨ ਭੂਤਕਾਲ ਦੇ ਨਿਯਮਾਂ ਬਾਰੇ ਜਾਣਦੀ ਹੈ। ਪਰ ਇਕ ਸੰਦਰਭ ਵਿਚ ਵਰਤ ਨਹੀਂ ਸਕਦੀ ਉਸ ਕੋਲ ਕਿਸ ਤਰ੍ਹਾਂ ਦਾ ਗਿਆਨ ਹੈ ?

(1) ਗਿਆਨ ਦਾ ਲਾਗੂ ਕਰਨ (2) ਭਾਸ਼ਾ ਗ੍ਰਹਿਣ ਕਰਨ ਦਾ ਜੰਤਰ

(3) ਪ੍ਰਕਿਰਿਆਤਮਕ ਗਿਆਨ (4) ਘੋਸ਼ਿਤ ਗਿਆਨ

**142.** ਹੇਠ ਲਿਖਿਆਂ ਵਿਚੋਂ ਕਿਹੜਾ ਭਾਸ਼ਾ ਬਾਰੇ ਸਹੀ ਨਹੀਂ ?

(1) ਕੁੱਝ ਭਾਸ਼ਾਵਾਂ ਸਿਰਫ ਸਾਇੰਸ ਤੇ ਇੰਜੀਨਅਰਿੰਗ ਦਾ ਪ੍ਰਗਟਾਵਾ ਕਰ ਸਕਦੀਆਂ ਹਨ।

(2) ਭਾਸ਼ਾ ਪਛਾਣ ਨੂੰ ਪ੍ਰਗਟਾਉਂਦੀ ਹੈ।

(3) ਭਾਸ਼ਾ ਇਤਿਹਾਸ ਦਾ ਇਕ ਭੰਡਾਰ ਹੈ।

(4) ਭਾਸ਼ਾ ਮਨੁੱਖੀ ਗਿਆਨ ਦਾ ਕੁੱਝ ਯੋਗਦਾਨ ਪਾਉਂਦੀ ਹੈ।

**143.** ਭਾਸ਼ਾ ਦੀ ਜਮਾਤ ਵਿਚ ਇਕ ਪ੍ਰੋਜੈਕਟ ਵਰਕ ਨੂੰ ਡਿਜਾਈਨ ਕਰਕੇ ਇਸ ਨੂੰ ਕਰਦੇ ਹੋਏ ਕਿਹੜੀਆਂ ਪੱਧਰਾਂ ਸ਼ਾਮਿਲ ਹਨ ?

(1) ਅਧਿਆਪਕ ਅਤੇ ਸਿਖਿਆਰਥੀ ਪ੍ਰੋਜੈਕਟ ਦਾ ਡਿਜ਼ਾਈਨ ਬਣਾ ਕੇ ਇਸ ਨੂੰ ਕਰ ਸਕਦੇ ਹਨ, ਕਿਉਂ ਜੋ ਉਹ ਕਰਨਾ ਚਾਹੁੰਦੇ ਹਨ।

(2) ਸਮੂਹ ਬਣਾਉਣੇ, ਯੋਜਨਾ, ਆਂਕੜਾ ਇਕੱਠਾ ਕਰਨਾ, ਆਂਕੜੇ ਦੀ ਵਿਆਖਿਆਂ, ਖਰੜਾ ਲਿਖਣਾ, ਵਿਸ਼ੇ ਦੀ ਪਛਾਣ ਅਤੇ ਰਿਪੋਰਟ ਨੂੰ ਅੰਤਿਮ ਰੂਪ ਦੇਣਾ।

(3) ਸਮੂਹ ਬਣਾਉਣੇ, ਵਿਸ਼ੇ ਦੀ ਪਛਾਣ, ਯੋਜਨਾ, ਆਂਕੜੇ ਇਕੱਠੇ ਕਰਨੇ, ਆਂਕੜੇ ਦੀ ਵਿਆਖਿਆ, ਖਰੜਾ ਲਿਖਣਾ ਅਤੇ ਰਿਪੋਰਟ ਨੂੰ ਅੰਤਿਮ ਰੂਪ ਦੇਣਾ।

(4) ਸਮੂਹ ਬਣਾਉਣੇ, ਵਿਸ਼ੇ ਦੀ ਪਛਾਣ, ਯੋਜਨਾ, ਆਂਕੜੇ ਇਕੱਠੇ ਕਰਨੇ, ਆਂਕੜੇ ਦੀ ਵਿਆਖਿਆ, ਰਿਪੋਰਟ ਨੂੰ ਅੰਤਿਮ ਰੂਪ ਦੇਣਾ।

**144.** ਸ਼੍ਰਵਨ ਲਈ ਟੌਪ-ਡਾਊਨ ਪਹੁੰਚ ਵਿਚ ਸ਼ਾਮਿਲ ਹਨ :

(1) ਹਰੇਕ ਧੁਨੀ, ਸ਼ਬਦਾਂ, ਵਾਕਾਂਸ਼ਾਂ, ਉਪਵਾਕਾਂ ਅਤੇ ਵਾਕਾਂ ਦਾ ਸ਼੍ਰਵਨ।

(2) ਵਿਸ਼ੇਸ਼ ਵੇਰਵਿਆਂ ਵੱਲ ਧਿਆਨ ਦੇਣਾ।

(3) ਭਾਸ਼ਨ ਦੇ ਨਿਚੋੜ, ਟੈਕਸਟ ਜਾਂ ਆਡੀਓ ਦਾ ਸ਼੍ਰਵਨ।

(4) ਟੈਕਸਟ, ਭਾਸ਼ਨ ਜਾਂ ਆਡੀਓ ਦੇ ਸਮੁੱਚੇ ਸੰਦੇਸ਼ ਦਾ ਸ਼੍ਰਵਨ।

**145.** ਸੱਤਵੀ ਜਮਾਤ ਦਾ ਇਕ ਅਧਿਆਪਕ ਇਕ ਵਿਅਕਤੀ ਦੀ ਵਿਆਖਿਆਂ ਦਾ ਇਕ ਲਿਖਤੀ ਟਾਸਕ ਦੇਣਾ ਚਾਹੁੰਦਾ ਹੈ। ਉਹ ਜਮਾਤ ਵਿਚੋਂ ਬਾਹਰ ਜਾ ਕੇ ਕਿਸੇ ਫੇਰੀ ਵਾਲੇ ਨੂੰ ਉਸ ਦੀ ਟੋਕਰੀ ਨਾਲ ਲੈ ਕੇ ਆਉਂਦਾ ਹੈ। ਉਹ ਉਸ ਨੂੰ ਉਥੇ ਸੱਤ ਮਿੰਟ ਤੱਕ ਰੁਕਣ ਲਈ ਆਖਦਾ ਹੈ। ਫਿਰ ਉਹ ਆਪਣੇ ਸਿਖਿਆਰਥੀਆਂ ਨੂੰ ਜੋੜਿਆ ਵਿਚ ਬੈਠ ਕੇ ਉਸ ਵਿਅਕਤੀ ਦੀ ਵਿਆਖਿਆਂ ਲਿਖਣ ਲਈ ਕਹਿੰਦਾ ਹੈ ।ਇਸ ਗਤੀਵਿਧੀ ਵਿਚ ਤੁਸੀ ਫੇਰੀ ਵਾਲੇ ਨੂੰ ਕੀ ਕਹੋਗੇ ?

(1) ਸਾਮੱਗਰੀ

(2) ਅਧਿਆਪਕ ਦਾ ਸਹਾਇਕ

(3) ਇਕ ਫੇਰੀਵਾਲਾ

(4) ਗਤੀਵਿਧੀ ਵਿਚ ਇਕ ਭਾਈਵਾਲ

**146.** ਸੱਤਵੀਂ ਜਮਾਤ ਦਾ ਇਕ ਅਧਿਆਪਕ ਚਾਹੁੰਦਾ ਹੈ ਕਿ ਉਸ ਦੇ ਸਿਖਿਆਰਥੀਆਂ ਟੈਕਸਟ ਵਿੱਚ ਪੇਸ਼ ਲੋਕਾਂ ਤੇ ਭਾਈਚਾਰੇ ਦੀ ਸੱਤਾ ਅਤੇ ਪਛਾਣ ਦੀ ਇਕ ਸਮਝ ਨਾਲ, ਇਸ ਨੂੰ ਪੜ੍ਹਨ ।ਅਧਿਆਪਕ ਦਾ ਸਿਖਿਆਰਥੀਆਂ ਦਰਮਿਆਨ ਕੀ ਵਿਕਸਿਤ ਕਰਨ ਦਾ ਮਕਸਦ ਹੈ ?

(1) ਸਾਹਿਤਕ ਕੌਸ਼ਲ

(2) ਭਾਸ਼ਾ ਸਾਖ਼ਰਤਾ

(3) ਆਲੋਚਨਾਤਮਕ ਸਾਖ਼ਰਤਾ

(4) ਵਿਸ਼ਲੇਸ਼ਣਾਤਮਕ ਰੀਡਿੰਗ

**147.** ਹੇਠ ਲਿਖਿਆ ਵਿਚੋਂ ਕਿਹੜਾ ਰਾਸ਼ਟਰੀ ਸਿੱਖਿਆਂ ਨੀਤੀ (NEP) 2020 ਵਲੋਂ ਦਰਸਾਏ ਗਏ ਕਲਾਸੀਕਲ ਭਾਸ਼ਾ ਦੇ ਅਧਿਐਨ ਬਾਰੇ ਸਹੀ ਹੈ?

(1) ਸੈਕੰਡਰੀ ਪੱਧਰ ਉੱਤੇ ਇਕ ਮੁੱਖ ਭਾਸ਼ਾ ਵਜੋਂ ਕਲਾਸੀਕਲ ਭਾਸ਼ਾ ਦਾ ਅਧਿਐਨ।

(2) ਸੈਕੰਡਰੀ ਪੱਧਰ ਦੌਰਾਨ ਇਕ ਵਾਧੂ ਵਿਕਲਪ ਵਜੋਂ ਕਲਾਸੀਕਲ ਭਾਸ਼ਾ ਦਾ ਅਧਿਐਨ।

(3) ਤ੍ਰੈਭਾਸ਼ੀ ਫ਼ਾਰਮੂਲੇ ਤਹਿਤ ਇਕ ਵਿਕਲਪ ਵਜੋਂ ਕਲਾਸੀਕਲ ਭਾਸ਼ਾ ਦਾ ਅਧਿਐਨ।

(4) ਪ੍ਰੈਪਰੇਟਰੀ ਪੱਧਰ ਦੌਰਾਨ ਕਲਾਸੀਕਲ ਭਾਸ਼ਾ ਦਾ ਅਧਿਐਨ।

**148.** ਇਥੇ ਇਕ ਟੈਕਸਟ ਦਿੱਤੀ ਗਈ ਹੈ। ਇਸ ਨੂੰ ਪੜ੍ਹੋ ਅਤੇ ਪਤਾ ਲਗਾਉ ਕਿ ਇਹ ਟੈਕਸਟ ਕਿਹੜੇ ਭਾਸ਼ਾਂ ਰਜਿਸਟਰ ਨਾਲ ਸੰਬੰਧਿਤ ਹੈ ?

ਕ੍ਰਾਂਤੀ ਉਪਰੰਤ ਅਚਾਨਕ ਜਾਪਿਆ ਕਿ ਇਸ ਨੂੰ ਬਦਲਣਾ ਸੰਭਵ ਸੀ। ਯੂਰਪ ਤੇ ਏਸ਼ੀਆ ਸਮੇਤ ਦੁਨੀਆਂ ਦੇ ਕਈ ਹਿੱਸਿਆਂ ਵਿਚ ਵਿਅਕਤੀਗਤ ਹੱਕਾਂ ਅਤੇ ਸਮਾਜਕ ਸੱਤਾ ਨੂੰ ਕੌਣ ਨਿਯੰਤਰਿਤ ਕਰਦਾ ਹੈ, ਬਾਰੇ ਨਵੇਂ ਵਿਚਾਰਾਂ ਨਾਲ ਚਰਚਾ ਸ਼ੁਰੂ ਹੋ ਗਈ ਸੀ। ਭਾਰਤ ਵਿਚ ਰਾਜਾ ਰਾਮ ਮੋਹਨ ਰਾਏ ਤੇ ਦਰੋਜੀਓ ਨੇ ਫਰਾਂਸੀਸੀ ਕ੍ਰਾਂਤੀ ਦੇ ਮਹੱਤਵ ਉੱਤੇ ਗੱਲਬਾਤ ਕੀਤੀ । ਉਧਰ ਕਾਲੋਨੀਆਂ ਦੀਆਂ ਘਟਨਾਵਾਂ ਨੇ ਸਮਾਜਕ ਤਬਦੀਲੀ ਦੇ ਵਿਚਾਰ ਨੂੰ ਮੁੜ ਆਕਾਰ ਦਿੱਤਾ।

(1) ਕ੍ਰਾਂਤੀ ਰਜਿਸਟਰ
(2) ਸਾਇੰਸ ਰਜਿਸਟਰ
(3) ਰਾਜਨੀਤਿਕ ਰਜਿਸਟਰ
(4) ਸਮਾਜ ਵਿਗਿਆਨ ਰਜਿਸਟਰ

**149.** ਅੱਠਵੀ ਜਮਾਤ ਦੇ ਇਕ ਅਧਿਆਪਕ ਸੁਭਾਸ਼ ਨੂੰ ਦੁੱਖ ਹੈ, “ਭਾਸ਼ਾ ਦੇ ਮੁਲਾਂਕਨ ਆਮ ਤੌਰ ਉੱਤੇ ਗ੍ਰਹਿਣਸ਼ੀਲ ਕੌਸ਼ਲਾ ਨੂੰ ਮਹੱਤਵ ਨਹੀਂ ਦਿੰਦੇ।” ‘ਗ੍ਰਹਿਣਸ਼ੀਲ ਕੌਸ਼ਲਾ’ ਤੋਂ ਉਸ ਦਾ ਕੀ ਭਾਵ ਹੈ ?

(1) ਬੋਲਣਾ ਤੇ ਲਿਖਣਾ
(2) ਸ਼੍ਰਵਨ ਤੇ ਲੇਖਣ
(3) ਬੋਲਣਾ ਤੇ ਪੜ੍ਹਨਾ
(4) ਸ਼੍ਰਵਨ ਤੇ ਪੜ੍ਹਨਾ

**150.** ਸਿਖਿਆਰਥੀ ਭਾਸ਼ਾ ਨੂੰ ਇਕ ਸਿਸਟਮ ਦੇ ਕਾਰਜ ਵਜੋਂ ਸਮਝਦਾ ਤੇ ਲਾਗੂ ਕਰਦਾ ਹੈ :

(1) ਯੋਜਨਾਬੱਧ ਯੋਗਤਾ
(2) ਸੰਚਾਰਾਤਮਕ ਯੋਗਤਾ
(3) ਸਿਲਸਿਲੇਵਾਰ ਯੋਗਤਾ
(4) ਸੋਸ਼ਿਓਲਿੰਗੁਇਸਟਕ ਯੋਗਤਾ

**- o 0 o -**

SPACE FOR ROUGH WORK

## ਹੇਠ ਲਿਖੀਆਂ ਹਿਦਾਇਤਾਂ ਧਿਆਨ ਨਾਲ ਪੜ੍ਹੋ :

1. ਵੱਖੋ-ਵੱਖਰੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਢੰਗ-ਤਰੀਕੇ ਟੈਸਟ ਬੁਕਲਿਟ ਵਿੱਚ ਵਿਸਤਾਰਪੂਰਵਕ ਦਿੱਤੇ ਗਏ ਹਨ। ਅਮਲੀ ਰੂਪ ਵਿੱਚ ਪ੍ਰਸ਼ਨਾਂ ਦੇ ਉੱਤਰ ਦੇਣ ਤੋਂ ਪਹਿਲਾਂ ਇਨ੍ਹਾਂ ਨੂੰ ਧਿਆਨ ਨਾਲ ਪੜ੍ਹੋ।
2. ਹਰੇਕ ਪ੍ਰਸ਼ਨ ਲਈ ਦਿੱਤੇ ਗਏ ਚਾਰ ਵਿਕਲਪਾਂ ਵਿੱਚੋਂ ਸਹੀ ਉੱਤਰ ਲਈ ਓ.ਐੱਮ.ਆਰ. (OMR) ਉੱਤਰ-ਪੱਤਰ ਦੇ ਪੰਨਾ-2 ਵਿੱਚ ਇੱਕ ਗੋਲੇ ਨੂੰ ਹੀ ਪੂਰੀ ਤਰ੍ਹਾਂ **ਕਾਲਾ/ਨੀਲੇ ਬਾਲ ਪੁਆਇੰਟ ਪੈੱਨ** ਨਾਲ ਭਰੋ। ਇੱਕ ਵਾਰ ਉੱਤਰ ਭਰਨ ਤੋਂ ਬਾਅਦ ਉਸਨੂੰ ਬਦਲਿਆ ਨਹੀਂ ਜਾ ਸਕਦਾ।
3. ਪਰੀਖਿਆਰਥੀ ਇਸ ਗੱਲ ਦਾ ਧਿਆਨ ਦੇਣ ਕਿ OMR ਉੱਤਰ-ਪੱਤਰ ਨੂੰ ਨਾ ਮੋੜਿਆ ਜਾਵੇ ਅਤੇ ਨਾ ਹੀ ਉਸ ਉਪਰ ਕੋਈ ਨਿਸ਼ਾਨ ਲਗਾਇਆ ਜਾਵੇ। ਪਰੀਖਿਆਰਥੀ ਆਪਣਾ ਰੋਲ ਨੰਬਰ OMR ਉੱਤਰ-ਪੱਤਰ ਵਿੱਚ ਨਿਰਧਾਰਿਤ ਥਾਂ ਤੋਂ ਇਲਾਵਾ ਕਿਤੇ ਨਾ ਲਿਖਣ।
4. ਪਰੀਖਿਆ-ਪੁਸਤਿਕਾ ਅਤੇ OMR ਉੱਤਰ-ਪੱਤਰ ਦੀ ਵਰਤੋਂ ਧਿਆਨ ਨਾਲ ਕਰੋ ਕਿਉਂਕਿ ਕਿਸੀ ਵੀ ਪਰਿਸਥਿਤੀ ਵਿੱਚ (ਕੇਵਲ ਪਰੀਖਿਆ-ਪੁਸਤਿਕਾ ਅਤੇ OMR ਉੱਤਰ-ਪੱਤਰ ਦੇ ਕੋਡ ਅਤੇ ਨੰਬਰ ਵਿੱਚ ਫ਼ਰਕ ਹੋਣ ਦੀ ਸਥਿਤੀ ਵਿੱਚ) ਦੂਜੀ ਪਰੀਖਿਆ-ਪੁਸਤਿਕਾ ਨਹੀਂ ਦਿੱਤੀ ਜਾਵੇਗੀ।
5. ਪਰੀਖਿਆ-ਪੁਸਤਿਕਾ/OMR ਉੱਤਰ-ਪੱਤਰ ਵਿੱਚ ਦਿੱਤੇ ਗਏ ਪਰੀਖਿਆ ਪੁਸਤਿਕਾ-ਸੰਕੇਤ ਅਤੇ ਨੰਬਰ ਨੂੰ ਪਰੀਖਿਆਰਥੀ ਸਹੀ ਤਰੀਕੇ ਨਾਲ ਹਾਜ਼ਰੀ-ਪੱਤਰ (Attendance Sheet) ਵਿੱਚ ਲਿਖਣ।
6. ਮਸ਼ੀਨ OMR ਸ਼ੀਟ ਵਿੱਚ ਦਿੱਤੀ ਗਈ ਸੂਚਨਾ ਦੇ ਕੋਡਾਂ ਨੂੰ ਪੜ੍ਹੇਗੀ। ਇਸ ਲਈ ਕੋਈ ਜਾਣਕਾਰੀ ਅਧੂਰੀ ਨਹੀਂ ਰਹਿਣੀ ਚਾਹੀਦੀ। ਇਹ ਐਡਮਿਟ ਕਾਰਡ (ਦਾਖ਼ਲਾ ਕਾਰਡ) ਵਿੱਚ ਦਿੱਤੀ ਗਈ ਸੂਚਨਾ ਤੋਂ ਭਿੰਨ ਨਹੀਂ ਹੋਣੀ ਚਾਹੀਦੀ ।
7. ਪਰੀਖਿਆਰਥੀ ਦੁਆਰਾ ਪਰੀਖਿਆ ਹਾਲ/ਕਮਰੇ ਵਿੱਚ ਪ੍ਰਵੇਸ਼ ਕਾਰਡ ਤੋਂ ਇਲਾਵਾ ਕਿਸੇ ਪ੍ਰਕਾਰ ਦੀ ਪਾਠ-ਸਮੱਗਰੀ, ਪ੍ਰਿੰਟਿਡ ਜਾਂ ਹੱਥ ਲਿਖਤ, ਕਾਗਜ਼ ਦੀਆਂ ਪਰਚੀਆਂ, ਪੇਜਰ, ਮੋਬਾਇਲ ਫੋਨ, ਇਲੈਕਟ੍ਰਾਨਿਕ ਯੰਤਰ ਜਾਂ ਕਿਸੀ ਹੋਰ ਪ੍ਰਕਾਰ ਦੀ ਸਮੱਗਰੀ ਨੂੰ ਲਿਜਾਣ ਦੀ ਜਾਂ ਵਰਤਣ ਦੀ ਇਜਾਜ਼ਤ ਨਹੀਂ ਹੈ।
8. ਮੋਬਾਈਲ ਫ਼ੋਨ, ਬਿਨਾ ਤਾਰ ਵਾਲੇ ਸੰਚਾਰ ਜੰਤਰ ਇਥੋਂ ਤਕ ਕਿ ਬੰਦ ਹਾਲਤ ਵਿਚ ਵੀ ਤੇ ਹੋਰ ਪਾਬੰਦੀਸ਼ੁਦਾ ਵਸਤਾਂ ਪ੍ਰੀਖਿਆ ਕੇਂਦਰ ਜਾਂ ਕਮਰਿਆਂ ਵਿਚ ਨਹੀਂ ਲਿਆਉਣੀਆਂ ਚਾਹੀਦੀਆਂ। ਇਸ ਨਿਰਦਸ਼ ਦਾ ਪਾਲਣ ਨਾ ਕਰਨ ਦੀ ਸੂਰਤ ਵਿੱਚ ਇਸ ਨੂੰ ਇਮਿਤਿਹਾਨ ਵਿੱਚ ਗੈਰ ਕਾਨੂੰਨੀ ਸਾਧਨਾਂ ਦੀ ਵਰਤੋਂ ਮੰਨਿਆ ਜਾਵੇਗਾ ਤੇ ਪ੍ਰੀਖਿਆ ਰੱਦ ਕਰਨ ਸਮੇਤ ਸੰਬੰਧਤ ਉਮੀਦਵਾਰ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।
9. ਨਿਰੀਖਿਅਕ ਦੀ ਮੰਗ 'ਤੇ ਹਰੇਕ ਪਰੀਖਿਆਰਥੀ ਆਪਣਾ ਪ੍ਰਵੇਸ਼-ਕਾਰਡ ਜ਼ਰੂਰ ਦਿਖਾਏ।
10. ਕੇਂਦਰ ਸੁਪਰਿਨਟੈਂਡੈਂਟ ਜਾਂ ਨਿਰੀਖਿਅਕ ਦੀ ਖਾਸ ਇਜਾਜ਼ਤ ਤੋਂ ਬਿਨਾਂ ਪਰੀਖਿਆਰਥੀ ਆਪਣੀ ਸੀਟ ਨਾ ਛੱਡੇ।
11. ਨਿਰੀਖਿਅਕ ਨੂੰ ਆਪਣਾ OMR ਉੱਤਰ-ਪੱਤਰ ਦਿੱਤੇ ਬਿਨਾਂ ਅਤੇ ਹਾਜ਼ਰੀ-ਪੱਤਰ ਉੱਤੇ ਦੁਬਾਰਾ ਦਸਤਖ਼ਤ ਕੀਤੇ ਬਿਨਾਂ ਪਰੀਖਿਆਰਥੀ, ਪਰੀਖਿਆ ਹਾਲ ਨੂੰ ਨਹੀਂ ਛੱਡਣਗੇ । ਜੇਕਰ ਕਿਸੇ ਪਰੀਖਿਆਰਥੀ ਨੇ ਦੂਜੀ ਵਾਰ ਹਾਜ਼ਰੀ-ਪੱਤਰ ਉੱਤੇ ਦਸਤਖ਼ਤ ਨਹੀਂ ਕੀਤੇ ਤਾਂ ਇਹ ਸਮਝਿਆ ਜਾਵੇਗਾ ਕਿ ਉਸਨੇ OMR ਉੱਤਰ-ਪੱਤਰ ਜਮ੍ਹਾਂ ਨਹੀਂ ਕਰਾਇਆ ਅਤੇ ਇਹ ਅਨੁਚਿਤ ਸਾਧਨ ਦਾ ਮਾਮਲਾ ਮੰਨਿਆ ਜਾਵੇਗਾ। **ਪਰੀਖਿਆਰਥੀ ਆਪਣੇ ਖੱਬੇ ਹੱਥ ਦੇ ਅੰਗੂਠੇ ਦੇ ਨਿਸ਼ਾਨ ਨੂੰ ਹਾਜ਼ਰੀ-ਪੱਤਰ ਵਿੱਚ ਦਿੱਤੇ ਗਏ ਸਥਾਨ ਦੇ ਜ਼ਰੂਰ ਲਗਾਉਣ।**
12. ਇਲੈਕਟ੍ਰਾਨਿਕ/ਹੱਥ ਨਾਲ ਚੱਲਣ ਵਾਲੇ ਕੈਲਕੂਲੇਟਰ (Calculator) ਦਾ ਇਸਤੇਮਾਲ ਵਰਜਿਤ ਹੈ।
13. ਪਰੀਖਿਆਰਥੀ ਪਰੀਖਿਆ ਹਾਲ ਵਿੱਚ ਬੋਰਡ ਦੇ ਸਾਰੇ ਨਿਯਮਾਂ, ਕਾਨੂੰਨਾਂ ਦੀ ਪਾਲਣਾ ਕਰੇਗਾ । ਅਨੁਚਿਤ ਸਾਧਨਾਂ ਦੇ ਸਾਰੇ ਮਾਮਲਿਆਂ ਲਈ ਫੈਸਲਾ ਬੋਰਡ ਦੇ ਨਿਯਮਾਂ ਕਾਨੂੰਨਾਂ ਅਨੁਸਾਰ ਹੋਵੇਗਾ।
14. ਕਿਸੇ ਵੀ ਸਥਿਤੀ ਵਿੱਚ ਪਰੀਖਿਆ-ਪੁਸਤਿਕਾ ਅਤੇ ਉੱਤਰ-ਪੱਤਰ ਦਾ ਕੋਈ ਭਾਗ ਅਲਗ ਨਾ ਕਰੋ।
15. **ਪਰੀਖਿਆ ਖ਼ਤਮ ਹੋਣ 'ਤੇ, ਪਰੀਖਿਆਰਥੀ ਹਾਲ/ਕਮਰਾ ਛੱਡਣ ਤੋਂ ਪਹਿਲਾਂ ਆਪਣਾ OMR ਉੱਤਰ-ਪੱਤਰ ਆਪਣੇ ਕਮਰੇ ਦੇ ਨਿਰੀਖਿਅਕ ਨੂੰ ਸੌਂਪੇਗਾ। ਪਰੀਖਿਆਰਥੀ ਇਸ ਪਰੀਖਿਆ-ਪੁਸਤਿਕਾ ਨੂੰ ਆਪਣੇ ਨਾਲ ਲਿਜਾ ਸਕਦੇ ਹਨ।**

## निम्नलिखित निर्देशों को ध्यान से पढ़ें :

1. जिस प्रकार से विभिन्न प्रश्नों के उत्तर दिए जाने हैं उसका वर्णन परीक्षा पुस्तिका में किया गया है, जिसे आप प्रश्नों का उत्तर देने से पहले ध्यान से पढ़ लें।
2. प्रत्येक प्रश्न के लिए दिए गए चार विकल्पों में से सही उत्तर के लिए OMR उत्तर पत्र के **पृष्ठ-2** पर केवल एक वृत्त को ही पूरी तरह **नीले/काले बॉल पॉइन्ट पेन** से भरें। एक बार उत्तर अंकित करने के बाद उसे बदला नहीं जा सकता है।
3. परीक्षार्थी सुनिश्चित करें कि इस OMR उत्तर पत्र को मोड़ा न जाए एवं उस पर कोई अन्य निशान न लगाएँ। परीक्षार्थी अपना अनुक्रमांक OMR उत्तर-पत्र में निर्धारित स्थान के अतिरिक्त अन्यत्र न लिखें।
4. परीक्षा पुस्तिका एवं OMR उत्तर पत्र का ध्यानपूर्वक प्रयोग करें, क्योंकि किसी भी परिस्थिति में (केवल परीक्षा पुस्तिका एवं OMR उत्तर पत्र के कोड या संख्या में भिन्नता की स्थिति को छोड़कर) दूसरी परीक्षा पुस्तिका उपलब्ध नहीं करायी जाएगी।
5. परीक्षा पुस्तिका/OMR उत्तर पत्र में दिए गए परीक्षा पुस्तिका कोड व संख्या को परीक्षार्थी सही तरीके से उपस्थिति-पत्र में लिखें।
6. OMR उत्तर पत्र में कोडित जानकारी को एक मशीन पढ़ेगी। इसलिए कोई भी सूचना अधूरी न छोड़ें और यह प्रवेश-पत्र में दी गई सूचना से भिन्न नहीं होनी चाहिए।
7. परीक्षार्थी द्वारा परीक्षा हॉल/कक्ष में प्रवेश-पत्र के सिवाय किसी प्रकार की पाठ्य-सामग्री, मुद्रित या हस्तलिखित, कागज़ की पर्चियाँ, पेजर, मोबाइल फोन, इलेक्ट्रॉनिक उपकरण या किसी अन्य प्रकार की सामग्री को ले जाने या उपयोग करने की अनुमति नहीं है।
8. मोबाइल फोन, बेतार संचार युक्तियाँ (स्विच ऑफ अवस्था में भी) और अन्य प्रतिबंधित वस्तुएँ परीक्षा हॉल/कक्ष में नहीं लाई जानी चाहिए। इस सूचना का पालन न होने पर इसे परीक्षा में अनुचित साधनों का प्रयोग माना जाएगा और परीक्षार्थी विरुद्ध कार्यवाही की जाएगी, परीक्षा रद्द करने सहित।
9. पूछे जाने पर प्रत्येक परीक्षार्थी, निरीक्षक को अपना प्रवेश-पत्र दिखाएँ।
10. केन्द्र अधीक्षक या निरीक्षक की विशेष अनुमति के बिना कोई परीक्षार्थी अपना स्थान न छोड़ें।
11. कार्यरत निरीक्षक को अपना OMR उत्तर पत्र दिए बिना एवं उपस्थिति-पत्र पर दुबारा हस्ताक्षर किए बिना परीक्षार्थी परीक्षा हॉल/कक्ष नहीं छोड़ेंगे। यदि किसी परीक्षार्थी ने दूसरी बार उपस्थिति-पत्र पर हस्ताक्षर नहीं किए, तो यह माना जाएगा कि उसने OMR उत्तर पत्र नहीं लौटाया है और यह अनुचित साधन का मामला माना जाएगा। **परीक्षार्थी अपने बाएँ हाथ के अंगूठे का निशान उपस्थिति-पत्र में दिए गए स्थान पर अवश्य लगाएँ।**
12. इलेक्ट्रॉनिक/हस्तचालित परिकलक का उपयोग वर्जित है।
13. परीक्षा हॉल/कक्ष में आचरण के लिए परीक्षार्थी परीक्षण संस्था के सभी नियमों एवं विनियमों द्वारा नियमित हैं। अनुचित साधनों के सभी मामलों का फैसला परीक्षण संस्था के नियमों एवं विनियमों के अनुसार होगा।
14. किसी भी परिस्थिति में परीक्षा पुस्तिका और OMR उत्तर पत्र का कोई भाग अलग न करें।
15. **परीक्षा सम्पन्न होने पर, परीक्षार्थी हॉल/कक्ष छोड़ने से पूर्व OMR उत्तर पत्र निरीक्षक को अवश्य सौंप दें। *परीक्षार्थी अपने साथ इस परीक्षा पुस्तिका को ले जा सकते हैं।***

## READ THE FOLLOWING INSTRUCTIONS CAREFULLY :

1. The manner in which the different questions are to be answered has been explained in the Test Booklet which you should read carefully before actually answering the questions.
2. Out of the four alternatives for each question, only one circle for the correct answer is to be darkened completely with **Blue / Black Ball Point Pen** on **Side-2** of the OMR Answer Sheet. The answer once marked is not liable to be changed.
3. The candidates should ensure that the OMR Answer Sheet is not folded. Do not make any stray marks on the OMR Answer Sheet. Do not write your Roll No. anywhere else except in the specified space in the OMR Answer Sheet.
4. Handle the Test Booklet and OMR Answer Sheet with care, as under no circumstances (except for discrepancy in Test Booklet Code or Number and OMR Answer Sheet Code or Number), another set will be provided.
5. The candidates will write the correct Test Booklet Code and Number as given in the Test Booklet/OMR Answer Sheet in the Attendance Sheet.
6. A machine will read the coded information in the OMR Answer Sheet. Hence, no information should be left incomplete and it should not be different from the information given in the Admit Card.
7. Candidates are not allowed to carry any textual material, printed or written, bits of papers, pager, mobile phone, electronic device or any other material except the Admit Card inside the examination hall/room.
8. Mobile phones, wireless communication devices (even in switched off mode) and the other banned items should not be brought in the examination halls/rooms. Failing to comply with this instruction, it will be considered as using unfair means in the examination and action will be taken against the candidate including cancellation of examination.
9. Each candidate must show on demand his/her Admit Card to the Invigilator.
10. No candidate, without special permission of the Centre Superintendent or Invigilator, should leave his/her seat.
11. The candidates should not leave the Examination Hall/Room without handing over their OMR Answer Sheet to the Invigilator on duty and sign the Attendance Sheet twice. Cases where candidate has not signed the Attendance Sheet second time will be deemed not to have handed over the OMR Answer Sheet and dealt with as an unfair means case. **The candidates are also required to put their left hand THUMB impression in the space provided in the Attendance Sheet.**
12. Use of Electronic/Manual Calculator is prohibited.
13. The candidates are governed by all Rules and Regulations of the Examining Body with regard to their conduct in the Examination Hall/Room. All cases of unfair means will be dealt with as per Rules and Regulations of the Examining Body.
14. No part of the Test Booklet and OMR Answer Sheet shall be detached under any circumstances.
15. **On completion of the test, the candidate must hand over the OMR Answer Sheet to the Invigilator in the Hall / Room. *The candidates are allowed to take away this Test Booklet with them.***